Original Article
ISSN (Online): 2582-7472

ShodhKosh: Journal of Visual and Performing Arts
July-December 2023 4(2), 4791–4798

# CONTEMPORARY PUNJABI SONGWRITING: MAJOR FEATURES AND TRENDS

# ਅਜੋਕੀ ਪੰਜਾਬੀ ਗੀਤਕਾਰੀ : ਪ੍ਰਮੁੱਖ ਲੱਛਣ ਤੇ ਰੁਝਾਨ

Dr. Harbans Singh [1]

[1] Professor, Department of Punjabi, Sri Guru Tegh Bahadur Khalsa College, University of Delhi, Delhi-7

## ABSTRACT

**English:** Culture is a changing phenomenon. It changes from time to time. The geographical conditions of any region or area are not the same. Differences are usually found in them. Due to these differences, the culture of each region or area is also different. The mentality of the people living in these regional cultures is also different. When people join collectively on a particular level. It is called culture. Every human being contributes his due contribution to the construction of culture. According to Dr. Nahar Singh- This work of construction of culture continues at the collective level. People connect with each other through the practice of labor. They adapt themselves to the natural conditions, environment and social environment while adapting nature to their needs and desires.1 In this way, the expression of the mentality of the people living in a particular culture is common in the form of literature and art. These art forms include literary forms such as stories, novels, plays, poems etc. Through these literary forms, human beings get mental satisfaction. Culture is a changing phenomenon. Therefore, these literary forms also keep on changing in terms of subject and art according to time. As the society changes, changes are bound to come in these art forms.

**Hindi:** ਸਭਿਆਚਾਰ ਇਕ ਪਰਿਵਰਤਨਸ਼ੀਲ ਵਰਤਾਰਾ ਹੈ। ਇਸ ਵਿਚ ਸਮੇਂ-ਸਮੇਂ ਤੇ ਪਰਿਵਰਤਨ ਆਉਂਦੇ ਰਹਿੰਦੇ ਹਨ। ਕਿਸੇ ਵੀ ਖਿੱਤੇ ਜਾਂ ਇਲਾਕੇ ਦੀਆਂ ਭੂਗੋਲਿਕ ਹਾਲਤਾਂ ਇਕ ਸਮਾਨ ਨਹੀਂ ਹੁੰਦੀਆਂ। ਇਹਨਾਂ ਵਿਚ ਵਖਰੇਵੇ ਆਮ ਹੀ ਪਾਏ ਜਾਂਦੇ ਹਨ। ਇਹਨਾਂ ਵਿਭਿੰਨਤਾਵਾਂ ਕਾਰਨ ਹਰੇਕ ਖਿੱਤੇ ਜਾਂ ਇਲਾਕੇ ਦਾ ਸਭਿਆਚਾਰ ਵੀ ਭਿੰਨ-ਭਿੰਨ ਹੁੰਦਾ ਹੈ। ਇਹਨਾਂ ਇਲਾਕਾਈ ਸਭਿਆਚਾਰ ਵਿਚ ਰਹਿੰਦੇ ਲੋਕਾਂ ਦੀ ਮਾਨਸਿਕਤਾ ਵੀ ਅਲੱਗ-ਅਲੱਗ ਹੁੰਦੀ ਹੈ। ਲੋਕ ਜਦੋਂ ਇਕ ਖਾਸ ਧਰਾਤਲ ਤੇ ਸਮੂਹਿਕ ਤੌਰ ਤੇ ਜੁੜਦੇ ਹਨ। ਉਸਨੂੰ ਸਭਿਆਚਾਰ ਕਿਹਾ ਜਾਂਦਾ ਹੈ। ਸਭਿਆਚਾਰ ਦੀ ਨਿਰਮਾਣਕਾਰੀ ਵਿਚ ਹਰੇਕ ਮਨੁੱਖ ਆਪਣਾ ਬਣਦਾ ਯੋਗਦਾਨ ਪਾਉਂਦਾ ਹੈ। ਡਾ. ਨਾਹਰ ਸਿੰਘ ਅਨੁਸਾਰ- ਸਭਿਆਚਾਰ ਦੀ ਨਿਰਮਾਣਕਾਰੀ ਦਾ ਇਹ ਕਾਰਜ ਸਮੂਹਕ ਪੱਧਰ ਉੱਤੇ ਚੱਲਦਾ ਰਹਿੰਦਾ ਹੈ। ਲੋਕ ਕਿਰਤ ਦੇ ਅਮਲ ਦੁਆਰਾ ਇਕ ਦੂਜੇ ਨਾਲ ਜੁੜਦੇ ਹਨ। ਉਹ ਪ੍ਰਕਿਰਤੀ ਨੂੰ ਆਪਣੀਆਂ ਲੋੜਾਂ ਅਤੇ ਇੱਛਾਵਾਂ ਅਨੁਸਾਰ ਢਾਲਦੇ ਹੋਏ ਆਪਣੇ-ਆਪ ਨੂੰ ਪ੍ਰਕਿਰਤਕ ਸਥਿਤੀਆਂ, ਵਾਤਾਵਰਨ ਅਤੇ ਸਮਾਜਕ ਚੌਗਿਰਦੇ ਅਨੁਸਾਰ ਅਨੁਕੂਲਤ ਕਰਦੇ ਚਲੇ ਜਾਂਦੇ ਹਨ।1 ਇਸ ਤਰ੍ਹਾਂ ਕਿਸੇ ਖਾਸ ਸਭਿਆਚਾਰ ਵਿਚ ਰਹਿ ਰਹੇ ਲੋਕਾਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਸਾਹਿਤ ਕਲਾ ਰੂਪ ਵਿਚ ਆਮ ਹੀ ਹੁੰਦਾ ਹੈ। ਇਹਨਾਂ ਕਲਾ ਰੂਪਾਂ ਵਿਚ ਕਹਾਣੀ, ਨਾਵਲ, ਨਾਟਕ,ਕਵਿਤਾ ਆਦਿ ਸਾਹਿਤ ਰੂਪ ਆ ਜਾਂਦੇ ਹਨ। ਇਹਨਾਂ ਸਾਹਿਤ ਰੂਪਾਂ ਰਾਹੀਂ ਮਨੁੱਖ ਦੀ ਮਾਨਸਿਕ ਸੰਤੁਸ਼ਟੀ ਹੁੰਦੀ ਹੈ। ਸਭਿਆਚਾਰ ਪਰਿਵਰਤਨਸ਼ੀਲ ਵਰਤਾਰਾ ਹੈ। ਇਸ ਕਰਕੇ ਇਹਨਾਂ ਸਾਹਿਤ ਰੂਪਾਂ ਵਿਚ ਵੀ ਸਮੇਂ ਅਨੁਸਾਰ ਵਿਸ਼ਾ ਅਤੇ ਕਲਾ ਪੱਖ ਤੋਂ ਵਿਭਿੰਨਤਾਵਾਂ ਆਉਦੀਆਂ ਰਹਿੰਦੀਆਂ ਹਨ। ਜਿਵੇ-ਜਿਵੇਂ ਸਮਾਜ ਵਿਚ ਤਬਦੀਲੀ ਆਵੇਗੀ ਉਵੇਂ-2 ਇਹਨਾਂ ਕਲਾ ਰੂਪਾਂ ਵਿਚ ਬਦਲਾਅ ਆਉਣੇ ਲਾਜ਼ਮੀ ਹਨ।

**Corresponding Author**

Dr. Harbans Singh,
drbaikunth64@gmail.com

**DOI**
**10.29121/shodhkosh.v4.i2.2023.5716**

**Funding:** This research received no specific grant from any funding agency in the public, commercial, or not-for-profit sectors.

**Copyright:** © 2023 The Author(s). This work is licensed under a Creative Commons Attribution 4.0 International License.

With the license CC-BY, authors retain the copyright, allowing anyone to download, reuse, re-print, modify, distribute, and/or copy their contribution. The work must be properly attributed to its author.

OPEN ACCESS

ਸਭਿਆਚਾਰ ਇਕ ਪਰਿਵਰਤਨਸ਼ੀਲ ਵਰਤਾਰਾ ਹੈ। ਇਸ ਵਿਚ ਸਮੇਂ-ਸਮੇਂ ਤੇ ਪਰਿਵਰਤਨ ਆਉਂਦੇ ਰਹਿੰਦੇ ਹਨ। ਕਿਸੇ ਵੀ ਖਿੱਤੇ ਜਾਂ ਇਲਾਕੇ ਦੀਆਂ ਭੂਗੋਲਿਕ ਹਾਲਤਾਂ ਇਕ ਸਮਾਨ ਨਹੀਂ ਹੁੰਦੀਆਂ। ਇਹਨਾਂ ਵਿਚ ਵਖਰੇਵੇ ਆਮ ਹੀ ਪਾਏ ਜਾਂਦੇ ਹਨ। ਇਹਨਾਂ ਵਿਭਿੰਨਤਾਵਾਂ ਕਾਰਨ ਹਰੇਕ ਖਿੱਤੇ ਜਾਂ ਇਲਾਕੇ ਦਾ ਸਭਿਆਚਾਰ ਵੀ ਭਿੰਨ-ਭਿੰਨ ਹੁੰਦਾ ਹੈ। ਇਹਨਾਂ ਇਲਾਕਾਈ ਸਭਿਆਚਾਰ ਵਿਚ ਰਹਿੰਦੇ ਲੋਕਾਂ ਦੀ ਮਾਨਸਿਕਤਾ ਵੀ ਅਲੱਗ-ਅਲੱਗ ਹੁੰਦੀ ਹੈ। ਲੋਕ ਜਦੋਂ ਇਕ ਖਾਸ ਧਰਾਤਲ ਤੇ ਸਮੂਹਿਕ ਤੌਰ ਤੇ ਜੁੜਦੇ ਹਨ। ਉਸਨੂੰ ਸਭਿਆਚਾਰ ਕਿਹਾ ਜਾਂਦਾ ਹੈ। ਸਭਿਆਚਾਰ ਦੀ ਨਿਰਮਾਣਕਾਰੀ ਵਿਚ ਹਰੇਕ ਮਨੁੱਖ ਆਪਣਾ ਬਣਦਾ ਯੋਗਦਾਨ ਪਾਉਂਦਾ ਹੈ। ਡਾ. ਨਾਹਰ ਸਿੰਘ ਅਨੁਸਾਰ-

ਸਭਿਆਚਾਰ ਦੀ ਨਿਰਮਾਣਕਾਰੀ ਦਾ ਇਹ ਕਾਰਜ ਸਮੂਹਕ ਪੱਧਰ ਉੱਤੇ ਚੱਲਦਾ ਰਹਿੰਦਾ ਹੈ। ਲੋਕ ਕਿਰਤ ਦੇ ਅਮਲ ਦੁਆਰਾ ਇਕ ਦੂਜੇ ਨਾਲ ਜੁੜਦੇ ਹਨ। ਉਹ ਪ੍ਰਕਿਰਤੀ ਨੂੰ ਆਪਣੀਆਂ ਲੋੜਾਂ ਅਤੇ ਇੱਛਾਵਾਂ ਅਨੁਸਾਰ ਢਾਲਦੇ ਹੋਏ ਆਪਣੇ-ਆਪ ਨੂੰ ਪ੍ਰਕਿਰਤਕ ਸਥਿਤੀਆਂ, ਵਾਤਾਵਰਨ ਅਤੇ ਸਮਾਜਕ ਚੌਗਿਰਦੇ ਅਨੁਸਾਰ ਅਨੁਕੂਲਤ ਕਰਦੇ ਚਲੇ ਜਾਂਦੇ ਹਨ।[1]

ਇਸ ਤਰ੍ਹਾਂ ਕਿਸੇ ਖਾਸ ਸਭਿਆਚਾਰ ਵਿਚ ਰਹਿ ਰਹੇ ਲੋਕਾਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਸਾਹਿਤ ਕਲਾ ਰੂਪ ਵਿਚ ਆਮ ਹੀ ਹੁੰਦਾ ਹੈ। ਇਹਨਾਂ ਕਲਾ ਰੂਪਾਂ ਵਿਚ ਕਹਾਣੀ, ਨਾਵਲ, ਨਾਟਕ,ਕਵਿਤਾ ਆਦਿ ਸਾਹਿਤ ਰੂਪ ਆ ਜਾਂਦੇ ਹਨ। ਇਹਨਾਂ ਸਾਹਿਤ ਰੂਪਾਂ ਰਾਹੀਂ ਮਨੁੱਖ ਦੀ ਮਾਨਸਿਕ ਸੰਤੁਸ਼ਟੀ ਹੁੰਦੀ ਹੈ। ਸਭਿਆਚਾਰ ਪਰਿਵਰਤਨਸ਼ੀਲ ਵਰਤਾਰਾ ਹੈ। ਇਸ ਕਰਕੇ ਇਹਨਾਂ ਸਾਹਿਤ ਰੂਪਾਂ ਵਿਚ ਵੀ ਸਮੇਂ ਅਨੁਸਾਰ ਵਿਸ਼ਾ ਅਤੇ ਕਲਾ ਪੱਖ ਤੋਂ ਵਿਭਿੰਨਤਾਵਾਂ ਆਉਂਦੀਆਂ ਰਹਿੰਦੀਆਂ ਹਨ। ਜਿਵੇ-ਜਿਵੇਂ ਸਮਾਜ ਵਿਚ ਤਬਦੀਲੀ ਆਵੇਗੀ ਉਵੇਂ-2 ਇਹਨਾਂ ਕਲਾ ਰੂਪਾਂ ਵਿਚ ਬਦਲਾਅ ਆਉਣੇ ਲਾਜ਼ਮੀ ਹਨ।

ਗੀਤ ਮਨੁੱਖੀ ਭਾਵਾਂ ਨੂੰ ਪ੍ਰਗਟਾਉਣ ਦਾ ਇਕ ਸੂਖਮ ਮਾਧਿਅਮ ਹੈ। ਗੀਤ ਹੀ ਸਮਾਜ-ਸਭਿਆਚਾਰਕ ਪਰਿਵਰਤਨਾਂ ਨੂੰ ਕਬੂਲ ਕਰਕੇ ਮਨੁੱਖੀ ਮਾਨਸਿਕਤਾ ਦਾ ਪ੍ਰਗਟਾਵਾ ਕਰਦਾ ਹੈ। ਜਿਵੇਂ- ਜਿਵੇ ਲੋਕਾਂ ਦੀ ਮਾਨਸਿਕਤਾ ਬਦਲਦੀ ਹੈ। ਉਵੇਂ-ਉਵੇਂ ਗੀਤ ਦੇ ਲੱਛਣ ਅਤੇ ਝੁਕਾਅ ਬਦਲਦੇ ਜਾਂਦੇ ਹਨ ਕਿਉਂਕਿ ਗੀਤ ਤਾਂ ਸਮਾਜ-ਸਭਿਆਚਾਰ ਦੀ ਰਹਿਨੁਮਾਈ ਕਰਦਾ ਹੈ। ਇਸ ਤਰ੍ਹਾਂ ਗੀਤਕਾਰੀ ਵੀ ਸਮਾਜ-ਸਭਿਆਚਾਰ ਦੇ ਧੁਰੇ ਦੁਆਲੇ ਘੁੰਮਦੀ ਹੋਈ ਤਬਦੀਲ ਹੁੰਦੀ ਰਹਿੰਦੀ ਹੈ। ਅਜੋਕੇ ਸਮੇਂ ਦੀ ਗੀਤਕਾਰੀ ਵਿਚ ਆਏ ਨਵੇਂ ਝੁਕਾਅ ਅਤੇ ਲੱਛਣਾਂ ਦੀ ਪੜਚੋਲ ਕਰਨ ਤੋਂ ਪਹਿਲਾਂ ਅਸੀਂ ਅਜੋਕੇ ਸਮੇਂ ਦੀ ਗੀਤਕਾਰੀ ਤੋਂ ਪਹਿਲਾਂ ਪ੍ਰਚੱਲਿਤ ਗੀਤਕਾਰੀ ਤੇ ਇਕ ਪੰਛੀ ਝਾਤ ਮਾਰਨ ਦੀ ਜ਼ਰੂਰਤ ਸਮਝਦੇ ਹਾਂ।

1947 ਈ. ਦੀ ਦੇਸ਼ ਵੰਡ ਤੋਂ ਪਹਿਲਾਂ ਪੰਜਾਬ ਵਿਚ ਆਧੁਨਿਕਤਾ ਪ੍ਰਵੇਸ਼ ਕਰ ਰਹੀ ਸੀ। ਆਧੁਨਿਕ ਕਾਵਿ ਧਾਰਾ ਦੇ ਨਾਲ-ਨਾਲ ਮੱਧਕਾਲੀਨ ਕਾਵਿ-ਧਾਰਾ ਵੀ ਪ੍ਰਚੱਲਿਤ ਸੀ। ਇਸ ਸਮੇਂ ਆਧੁਨਿਕ ਕਾਵਿ ਧਾਰਾ ਦਾ ਮੱਧਕਾਲੀਨ ਕਾਵਿ ਧਾਰਾ ਵਿਚ ਰੂਪਾਂਤਰਣ ਹੋ ਰਿਹਾ ਸੀ। ਇਸ ਕਾਲ ਦੀ ਰਿਕਾਰਡ ਹੋਈ ਗਾਇਕੀ ਵਿਚ ਢੱਡ ਸਾਰੰਗੀ ਦੀ ਗਾਇਕੀ,ਤੂੰਬੇ ਅਲਗੋਜੇ ਦੀ ਗਾਇਕੀ, ਕਵੀਸ਼ਰੀ ਤੇ ਲੋਕ ਗਾਥਾਵਾਂ ਗਾਈਆਂ ਜਾਂਦੀਆਂ ਸਨ। ਜਿੰਨ੍ਹਾਂ ਵਿਚ ਪੂਰਨ ਭਗਤ, ਰਾਜਾ ਰਸਾਲੂ, ਸ਼ਾਹਣੀ ਕੌਲਾ, ਦੁੱਲਾ ਭੱਟੀ ਆਦਿ ਕਥਾਵਾਂ ਲੋਕ ਪ੍ਰਚੱਲਿਤ ਸਨ। ਇਸ ਸਮੇਂ ਗੀਤਕਾਰੀ ਦੀ ਵਿਚਾਰਧਾਰਾ ਮੱਧਕਾਲੀ ਚੇਤਨਾ ਦੇ ਦੁਆਲੇ ਹੀ ਘੁੰਮਦੀ ਹੋਈ ਨਜ਼ਰ ਆਉਂਦੀ ਹੈ। ਇਸ ਸਮੇਂ ਵਿਚ ਇਸ਼ਕ ਮਜ਼ਾਜੀ ਨਾਲ ਸੰਬੰਧਿਤ ਗੀਤ ਲਿਖੇ ਅਤੇ ਗਾਏ ਜਾਂਦੇ ਸਨ। ਜਿਸ ਵਿਚ ਸ਼ਮਸ਼ਾਦ ਬੇਗਮ (ਮੇਰੇ ਦਿਲ ਦੀ ਆਸ ਪੁਗਾ), ਮਿਸ ਦੁਲਾਰੀ (ਚਿੱਠੀਏ ਫਰਾਕ ਵਾਲੀਏ ਲੈ ਜਾ ਸੁਨੇਹਾ ਸੋਹਣੇ ਯਾਰ ਦਾ), ਜ਼ੀਨਤ ਬੇਗਮ, ਮਿਸ ਬੁੱਧਾ ਬਾਈ ਗਾਇਕ ਗਾਇਕਾਵਾਂ ਦੇ ਗੀਤਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਸ ਸਮੇਂ ਦੀ ਗੀਤਕਾਰੀ ਵਿਸ਼ਾਲ ਪੈਮਾਨੇ ਤੇ ਵਿਚਰਦੀ ਹੋਈ ਸਾਹਮਣੇ ਆਉਂਦੀ ਹੈ।

ਦੇਸ਼ ਵੰਡ ਤੋਂ ਬਾਅਦ ਪੰਜਾਬੀ ਗੀਤਕਾਰੀ ਦਾ ਮੁਹਾਂਦਰਾਂ ਬਿਲਕੁਲ ਹੀ ਬਦਲ ਗਿਆ। ਇਸ ਗਾਇਕੀ ਵਿਚ ਪੁਰਾਣੇ ਵਿਰਸੇ ਨਾਲ ਜੁੜਨ ਦਾ ਗਾਇਨ ਕੀਤਾ ਗਿਆ। ਪਾਕਿਸਤਾਨ- ਪੰਜਾਬ ਦੀ ਵੰਡ ਨਾਲ ਜੋ ਸਕੇ-ਸੰਬੰਧੀ ਉਹਨਾਂ ਨਾਲੋਂ ਵਿਛੜ ਗਏ ਸਨ। ਇਹ ਗਾਇਕੀ ਉਹਨਾਂ ਲੋਕਾਂ ਦੀ ਸੰਵੇਦਨਾ ਦੀ ਪੇਸ਼ਕਾਰੀ ਕਰਦੀ ਹੋਈ ਨਜ਼ਰ ਆਉਂਦੀ ਹੈ। ਇਸ ਗਾਇਕੀ ਵਿਚ ਧਾਰਮਿਕ, ਸਮਾਜਿਕ, ਸਦਾਚਾਰਕ ਪਹਿਲੂ ਹੀ ਭਾਰੂ ਰਹਿੰਦੇ ਹਨ। ਇਸ ਸਬੰਧ ਵਿਚ ਯਮਲਾ ਜੱਟ ਦਾ ਗੀਤ ਹੈ-

ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਆ,
ਨੀਝਾਂ ਲਾ-ਲਾ ਵੇਹਦੀ ਦੁਨੀਆਂ ਸਾਰੀ ਆ।

ਇਹ ਗੀਤਕਾਰੀ ਆਮ ਲੋਕਾਈ ਦੇ ਯਥਾਰਥਕ ਜੀਵਨ ਦੇ ਬਹੁਤ ਜ਼ਿਆਦਾ ਨਜ਼ਦੀਕ ਵਿਚਰਦੀ ਹੋਈ ਪ੍ਰਤੀਤ ਹੁੰਦੀ ਹੈ।

1960 ਈ. ਵਿਚ ਹਰੀ-ਕ੍ਰਾਤੀ ਦਾ ਦੌਰ ਸ਼ੁਰੂ ਹੋ ਗਿਆ। ਉਤਪਾਦਨ ਦੇ ਵਧਣ ਨਾਲ ਕਿਸਾਨ ਖੁਸ਼ਹਾਲ ਹੋ ਗਿਆ। ਉਸਨੇ ਵਿਆਹ ਸ਼ਾਦੀਆਂ ਤੇ ਖੁੱਲੇ ਅਖਾੜੇ ਲਵਾਉਣੇ ਸ਼ੁਰੂ ਕਰ ਦਿੱਤੇ। ਇਸ ਸਮੇਂ ਡਿਊਟ ਗੀਤਕਾਰੀ ਪ੍ਰਚੱਲਿਤ ਹੋਈ। ਸਭ ਤੋਂ ਪਹਿਲਾਂ ਸ਼ਾਤਾ ਦੇਵੀ ਅਤੇ ਚਾਂਦੀ ਰਾਮ ਦਾ ਗੀਤ ( ਲੈ ਜਾ ਛੱਲੀਆਂ ਭੁੰਨਾ ਲਈ ਦਾਣੇ

) ਪ੍ਰਚੱਲਿਤ ਹੋਇਆ। ਉਸ ਤੋਂ ਬਾਅਦ ਕਰਮਜੀਤ ਧੂਰੀ, ਮੋਹਨੀ ਨਰੂਲਾ, ਸੁਰਿੰਦਰ ਕੌਰ, ਹਰਚਰਨ ਗਰੇਵਾਲ ਆਦਿ ਗਾਇਕ ਮੁੱਖ ਸਨ। ਇਸ ਗਾਇਕੀ ਵਿਚ ਔਰਤ ਨੂੰ ਮਰਦ ਦੀ ਗੁਲਾਮ ਬਣਾ ਕੇ ਪੇਸ਼ ਕੀਤਾ ਗਿਆ। ਕਿਉਕਿ ਮਰਦ ਦਾ ਪੈਦਾਵਰੀ ਸਾਧਨਾਂ ਉੱਪਰ ਕਬਜ਼ਾ ਹੁੰਦਾ ਹੈ। ਔਰਤ ਨੂੰ ਮਰਦ ਤੇ ਨਿਰਭਰ ਦਿਖਾਇਆ ਗਿਆ ਹੈ।

ਮੈਨੂੰ ਅੱਡੇ ਤੇ ਖੜ੍ਹੀ ਨੂੰ ਮੀਹ ਆ ਗਿਆ ਸਫ਼ਾਰੀ ਲੈ ਕੇ ਆਜਾ ਸੋਹਣਿਆ।

ਅੱਠਵੇ ਦਹਾਕੇ ਵਿਚ ਪੰਜਾਬ ਵਿਚ ਖਾੜਕੂ ਲਹਿਰ ਚੱਲ ਪਈ। ਬਹੁਤ ਸਾਰੇ ਗਾਇਕਾਂ ਨੂੰ ਖਾੜਕੂਆਂ ਨੇ ਮਾਰ ਦਿੱਤਾ। ਇਸ ਸਮੇਂ ਗਾਇਕਾਂ ਨੇ ਧਾਰਮਿਕ ਗੀਤ ਗਾਉਣੇ ਸ਼ੁਰੂ ਕਰ ਦਿੱਤੇ। ਸੋਵੀਅਤ ਯੂਨੀਅਨ ਟੁੱਟਣ ਸਮੇਂ ਪੰਜਾਬੀ ਗਾਇਕੀ ਵਿਸ਼ਵ ਪੱਧਰ ਦੀ ਹੋ ਗਈ। ਇਸਨੇ ਪੱਛਮੀ ਕਲਚਰ ਦਾ ਪ੍ਰਭਾਵ ਕਬੂਲਣਾ ਸ਼ੁਰੂ ਕਰ ਦਿੱਤਾ। ਅੰਤਰ-ਰਾਸ਼ਟਰੀ ਕੰਪਨੀਆਂ ਨੇ ਵੀ ਇਸ ਵਿਚ ਦਿਲਚਸਪੀ ਦਿਖਾਉਣੀ ਸ਼ੁਰੂ ਕਰ ਦਿੱਤੀ। ਸੋ ਇਹ ਗੀਤਕਾਰੀ ਦਿਨੋਂ-ਦਿਨ ਆਪਣਾ ਮੁਹਾਂਦਰਾ ਬਦਲਦੀ ਅਜੋਕੇ ਸਮੇਂ ਵਿਚ ਪ੍ਰਵੇਸ਼ ਕਰ ਗਈ।

**ਅਜੋਕੇ ਸਮੇਂ ਦੀ ਗੀਤਕਾਰੀ ਦੇ ਪ੍ਰਮੁੱਖ ਲੱਛਣ ਤੇ ਰੁਝਾਨ-**

ਇੱਕੀਵੀਂ ਸਦੀ ਵਿਚ ਇਹ ਗਾਇਕੀ ਆਪਣਾ ਮੁਹਾਂਦਰਾਂ ਬਦਲਦੀ ਹੋਈ ਅਜੋਕੇ ਸਮੇਂ ਵਿਚ ਇਹ ਇੱਕੀਵੀਂ ਸਦੀ ਦੇ ਤੀਜੇ ਦਹਾਕੇ ਦੇ ਅੱਧ ਵਿਚ ਪ੍ਰਵੇਸ਼ ਕਰ ਚੁੱਕੀ ਹੈ। ਇਸ ਦਹਾਕੇ ਦੀ ਗਾਇਕੀ ਦੇ ਲੱਛਣ ਦੂਜੇ ਦਹਾਕਿਆਂ ਦੀ ਗਾਇਕੀ ਦੇ ਮੁਕਾਬਲਤਨ ਬਿਲਕੁਲ ਹੀ ਨਿਵੇਕਲੇ ਅਤੇ ਨਵੀਂ ਤਰਜ਼ ਦੇ ਹਨ। ਇਸ ਗਾਇਕੀ ਨੂੰ ਦੇਖਣਯੋਗ ਤਾਂ ਭਾਵੇਂ ਟੈਲੀਵਿਜ਼ਨ ਨੇ ਹੀ ਬਣਾਇਆ ਸੀ ਪਰ ਇੰਟਰਨੈੱਟ ਯੂ-ਟਿਊਬ ਨੇ ਇਸਦੇ ਘੇਰੇ ਨੂੰ ਹੋਰ ਵੀ ਵਿਸ਼ਾਲ ਕਰ ਦਿੱਤਾ। ਸੋ ਇੰਟਰਨੈੱਟ ਦੀ ਬਦੌਲਤ ਮੋਬਾਇਲ ਰਾਹੀਂ ਗੀਤਕਾਰੀ ਨੇ ਆਮ ਲੋਕਾਈ ਤੱਕ ਰਸਾਈ ਕਰਨੀ ਸ਼ੁਰੂ ਕਰ ਦਿੱਤੀ। ਟੈਲੀਵਿਜ਼ਨ ਰਾਹੀਂ ਗੀਤਕਾਰੀ ਦਾ ਘੇਰਾ ਸਿਰਫ਼ ਘਰੇਲੂ ਜੀਵਨ ਤੱਕ ਸੀਮਿਤ ਸੀ ਪਰ ਇੰਟਰਨੈੱਟ ਦੇ ਆਉਣ ਨਾਲ ਕੋਈ ਵੀ ਨਾਗਰਿਕ ਕਿਸੇ ਸਮੇਂ ਕਿਸੇ ਵੀ ਸਥਾਨ ਤੇ ਗੀਤ ਸੁਣ ਸਕਦਾ ਹੈ। ਭਾਵੇਂ ਉਹ ਕਿਸੇ ਵੀ ਸਮੇਂ, ਸਥਾਨ ਅਤੇ ਕਾਰਜ ਦੇ ਪੱਧਰ ਤੇ ਕਿਉਂ ਨਾ ਵਿਚਰ ਰਿਹਾ ਹੋਵੇ।

ਯੂ-ਟਿਊਬ ਉੱਪਰ ਵੱਖ-ਵੱਖ ਗਾਇਕਾਂ ਨੇ ਗੀਤ ਰਿਕਾਰਡ ਕਰਕੇ ਆਪੋ-ਆਪਣੇ ਯੂ-ਟਿਊਬ ਚੈਨਲ ਬਣਾ ਕੇ ਗੀਤ ਪਾਏ। ਜਿਸ ਤੋਂ ਉਹਨਾਂ ਨੂੰ ਬਹੁਤ ਹੀ ਮਕਬੂਲੀਅਤ ਹਾਸਲ ਹੋਈ। ਜੋ ਗਾਇਕ ਸ੍ਰੋਤਾਂ ਦੀ ਘਾਟ ਕਾਰਨ ਅੱਗੇ ਨਹੀਂ ਆ ਸਕਦੇ ਸਨ। ਉਹਨਾਂ ਨੂੰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਲਈ ਯੂ-ਟਿਊਬ ਇੱਕ ਪਲੇਟਫਾਰਮ ਵਜੋਂ ਮਿਲ ਗਿਆ। ਜਿਸ ਉੱਪਰ ਬਹੁਤ ਸਾਰੇ ਗਾਇਕਾਂ ਨੇ ਗੀਤ ਸ਼ੇਅਰ ਕਰਕੇ ਪ੍ਰਸਿੱਧੀ ਪ੍ਰਾਪਤ ਕੀਤੀ। ਇਹਨਾਂ ਗਾਇਕਾਂ ਵਿਚ ਮੁੱਖ ਤੌਰ ਤੇ ਸ਼ੈਰੀਮਾਨ ਦਾ ਨਾਂ ਪ੍ਰਮੁੱਖ ਹੈ। ਇਸ ਗਾਇਕ ਨੇ ਯੂ-ਟਿਊਬ ਦੇ ਮਾਧਿਅਮ ਰਾਹੀਂ ਆਪਣੇ ਗੀਤ ਯਾਰ ਅਣਮੁੱਲੇ ਰਾਹੀਂ ਮਕਬੂਲੀਅਤ ਹਾਸਲ ਕਰਕੇ ਆਪਣੇ ਦੂਸਰੇ ਗੀਤਾਂ ਦਾ ਵੀ ਲੋਹਾ ਮਨਵਾਇਆ। ਇਸ ਸਮੇਂ ਦੀ ਗੀਤਕਾਰੀ ਟੈਲੀਵਿਜ਼ਨ ਤੋਂ ਅੱਗੇ ਦਾ ਸਫ਼ਰ ਤੈਅ ਕਰਕੇ ਇੰਟਰਨੈੱਟ ਰਾਹੀਂ ਦ੍ਰਿਸ਼ ਮਾਧਿਅਮ ਨਾਲ ਜੁੜ ਜਾਂਦੀ ਹੈ। ਇਸ ਤੋਂ ਪਹਿਲਾਂ ਗੀਤਕਾਰੀ ਦਾ ਫਿਲਮਾਂਕਣ ਤਾਂ ਹੁੰਦਾ ਸੀ ਪਰ ਇਸਦਾ ਦਾਇਰਾ ਬਹੁਤ ਹੀ ਸੀਮਿਤ ਸੀ। ਅਜੋਕੇ ਸਮੇਂ ਦੀ ਗੀਤਕਾਰੀ ਵੱਡੇ ਪੱਧਰ ਤੇ ਫ਼ਿਲਮਾਂਕਣ ਨਾਲ ਜੁੜ ਗਈ। ਇਸ ਗੀਤਕਾਰੀ ਬਾਰੇ ਡਾ. ਰਾਜਿੰਦਰਪਾਲ ਲਿਖਦੇ ਹਨ-

> ਸ਼ੋਸ਼ਲ ਮੀਡੀਆ (ਫੇਸਬੁੱਕ, ਵਟਸਐਪ, ਯੂ-ਟਿਊਬ) ਉੱਪਰ ਇਹ ਹੀ ਗਾਇਕੀ ਕਿਸੇ ਹੋਰ ਨਾਲੋਂ ਵਧੇਰੇ ਚਾੜ੍ਹੀ ਵੇਖੀ, ਸੁਣੀ, ਮਾਣੀ ਜਾਂਦੀ ਹੈ। ਇਨ੍ਹਾਂ ਸੰਚਾਰ ਸਾਧਨਾਂ ਉੱਪਰ ਇਨ੍ਹਾ ਗੀਤਕਾਰਾਂ ਗਾਇਕਾਂ ਦੀ ਚੜ੍ਹਾਈ ਹੁੰਦੀ ਹੈ।[2]

ਉਕਤ ਟਿੱਪਣੀ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਅੱਜਕਲ੍ਹ ਪੰਜਾਬੀ ਗੀਤਕਾਰੀ ਦਾ ਸੰਚਾਰ ਸ਼ੋਸ਼ਲ ਮੀਡੀਏ ਰਾਹੀਂ ਹੀ ਹੁੰਦਾ ਹੈ। ਗਾਇਕ ਜਾਂ ਗੀਤਕਾਰ ਆਪਣੇ ਵੱਖ-ਵੱਖ ਗੀਤ ਯੂ-ਟਿਊਬ ਉੱਪਰ ਪਾ ਕੇ ਪ੍ਰਸਿੱਧੀ ਪ੍ਰਾਪਤ ਕਰ ਰਹੇ ਹਨ। ਸ਼ੋਸ਼ਲ ਸਾਈਟਾਂ ਨੇ ਤਾਂ ਹਾਸ਼ੀਏ ਤੋਂ ਪਾਰ ਧੱਕੇ ਹੋਏ ਗੀਤਕਾਰ ਨੂੰ ਵੀ ਸਪੇਸ ਦਿੱਤੀ ਹੈ। ਜਦੋਂ ਅਸੀਂ ਪੁਰਾਤਨ ਗਾਇਕੀ ਨੂੰ ਸਮਕਾਲੀ ਸਮੇਂ ਦੀ ਗਾਇਕੀ ਨਾਲ ਮੇਚਦੇ ਹਾਂ ਤਾਂ ਸਾਨੂੰ ਵੱਖ-ਵੱਖ ਝੁਕਾਅ ਨਜ਼ਰੀ ਆਉਂਦੇ ਹਨ। ਅਜੋਕੇ ਸਮੇਂ ਦੀ ਗੀਤਕਾਰੀ ਦੇ ਲੱਛਣ ਤੇ ਰੁਝਾਨ ਦੂਜੇ ਦਹਾਕਿਆਂ ਦੀ ਗੀਤਕਾਰੀ ਤੋਂ ਬਿਲਕੁਲ ਵੱਖਰੇ ਹਨ। ਜਦੋਂ ਅਸੀਂ ਅਜੋਕੇ ਸਮੇਂ ਦੀ ਗੀਤਕਾਰੀ ਤੇ ਝਾਤੀ ਮਾਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਪੁਰਾਣੇ ਸਮੇਂ ਦੀ ਗਾਇਕੀ ਸ਼ਾਬਦਿਕ ਗਾਇਕੀ ਸੀ। ਇਸ ਵਿਚ ਸਟੀਕ ਸ਼ਬਦ ਲਏ ਜਾਂਦੇ ਸਨ, ਇਹ ਸ਼ਬਦਾਂ ਦੇ ਅਰਥ ਬਹੁਤ ਹੀ ਡੂੰਘੇ ਹੁੰਦੇ ਸਨ। ਇਹਨਾਂ ਪਿੱਛੇ ਸਾਹਿਤਕਤਾ ਕਾਰਜਸ਼ੀਲ ਸੀ। ਇਹਨਾਂ ਗੀਤਾਂ ਵਿਚ ਵਿਅੰਜਨਾ ਸ਼ਬਦ ਸ਼ਕਤੀ ਭਾਰੂ ਸੀ ਪਰ ਅਜੋਕੇ ਸਮੇਂ ਦੀ ਗਾਇਕੀ ਵਿਚ ਸਾਹਿਤਕਤਾ ਦੀ ਬਹੁਤ ਹੀ ਘਾਟ ਨਜ਼ਰੀ ਆਉਂਦੀ ਹੈ। ਇਹ ਗੀਤ ਜ਼ਿਆਦਤਰ ਸਕਰੀਨ ਸ਼ਾਟ ਵਿਧੀ ਰਾਹੀਂ ਪੇਸ਼ ਹੁੰਦਾ ਹੈ। ਕਦੇ ਅਸੀਂ ਔਰਤ ਦੇ ਚਿਹਰੇ, ਕਦੇ ਉਸਦੇ ਜਿਸਮ, ਕਦੇ ਉਸਦੇ ਲੱਕ ਦੇ ਸ਼ਕਰੀਨ ਸ਼ਾਟ ਮਾਰਦੇ ਹਾਂ। ਜਿਵੇਂ ਹਨੀ ਸਿੰਘ ਤੇ ਦਲਜੀਤ ਦਾ ਗੀਤ ਹੈ-

ਲੱਕ ਟਵੰਟੀ ਏਟ ਕੁੜੀ ਦਾ,

ਫੋਟੀ ਸੈਵਨ ਵੇਟ ਕੁੜੀ ਦਾ।[3]

ਅਜੋਕੇ ਸਮੇਂ ਦੇ ਗੀਤਾਂ ਵਿਚ ਅਭਿਧਾ ਸ਼ਬਦ ਸ਼ਕਤੀ ਕਾਰਜ ਕਰਦੀ ਨਜ਼ਰ ਆਉਂਦੀ ਹੈ। ਪੁਰਾਤਨ ਗੀਤਾਂ ਵਿਚ ਨੋਕ-ਝੋਕ ਆਮ ਹੁੰਦੀ ਸੀ। ਸਮਾਜ ਤੇ ਪਰਿਵਾਰਕ ਵਿਸ਼ਿਆਂ ਉੱਪਰ ਗੱਲਬਾਤ ਹੁੰਦੀ ਰਹਿੰਦੀ ਸੀ। ਉਸ ਸਮੇਂ ਸਭਿਆਚਾਰਕ ਰੁਝਾਨ ਭਾਰੂ ਸਨ। ਜਿਵੇ-

ਬਾਪੂ ਵੇ ਮੈਂ ਅੱਡ ਹੁਨੀ ਆ, ਇਕ ਮਹਿੰ ਲੈ ਦੇ, ਇਕ ਗੈ ਲੈ ਦੇ

ਦੋ ਬਲਦ ਟੱਲੀਆਂ ਵਾਲੇ, ਬੋਤੀ ਲੈ ਦੇ ਝਾਂਜਰਾਂ ਵਾਲੀ,

ਵੇ ਅੱਡ ਹੁਨੀ ਆ,,,.......।

ਇਹ ਸਾਧਨ ਉਸ ਸਮੇਂ ਲੋਕਾਂ ਦੀ ਦੌਲਤ ਦਾ ਮਾਪ ਸਨ। ਪਰ ਅੱਜਕਲ੍ਹ ਦੇ ਗੀਤਾਂ ਵਿਚ ਮਸ਼ੀਨਾਂ ਦਾ ਜ਼ਿਕਰ ਆਮ ਹੀ ਮਿਲਦਾ ਹੈ। ਇਹ ਸਾਧਨ ਲੋਕਾਂ ਦੀ ਕਮਾਈ ਦੇ ਨਾਲ-ਨਾਲ ਉਹਨਾਂ ਦੀ ਸ਼ਾਨੋ-ਸ਼ੌਕਤ ਦਾ ਸਾਧਨ ਵੀ ਸਨ। ਇਹ ਸਾਧਨ ਕਿਰਤ ਕਰਨ ਵਿਚ ਸੰਦ ਵਜੋਂ ਉਸਦਾ ਸਾਥ ਵੀ ਦਿੰਦੇ ਸਨ ਪਰ ਅੱਜ ਦੇ ਸਮੇਂ ਵਿਚ ਸਾਰੇ ਸਾਧਨ ਹੀ ਮਨੁੱਖ ਦੀ ਸ਼ਾਨੋ-ਸ਼ੌਕਤ ਨਾਲ ਜੁੜ ਗਏ ਹਨ। ਇਹਨਾਂ ਦਾ ਮਨੁੱਖੀ ਕਿਰਤ ਵਿਚ ਕੋਈ ਰੋਲ ਨਹੀਂ ਹੈ। ਜਿਵੇ ਗੀਤ ਹੈ-

ਮੈਂ ਨੀ ਆਉਣਾ ਜੇ ਨਾ ਆਇਆ ਲੈਣ ਸਫਾਰੀ ਤੇ।[4]

ਸੋ ਇਕ ਪਾਸੇ ਇਹ ਚੀਜ਼ਾਂ ਕਮਾਈ ਵਾਲਾ ਸਾਧਨ ਸਨ। ਪਰ ਅੱਜ ਇਹ ਗਵਾਈ ਵਾਲਾ ਸਾਧਨ ਨਜ਼ਰੀ ਪੈਂਦੀਆਂ ਹਨ। ਇਸ ਵਿਚ ਮਨੁੱਖੀ ਲਾਲਸਾਵਾਂ ਦੇ ਵਧਣ ਅਤੇ ਰਿਸ਼ਤੇ ਕਿਸ ਆਧਾਰ ਉਪਰ ਉਸਰ ਰਹੇ ਹਨ, ਇੱਛਾਵਾਂ ਕਿਸ ਪੱਧਰ ਤੇ ਵਧ ਰਹੀਆਂ ਹਨ ਇਸ ਤਰ੍ਹਾਂ ਦਾ ਮਨੋਵਿਗਿਆਨ ਵੀ ਇਸ ਗੀਤਕਾਰੀ ਵਿਚੋਂ ਝਲਕਦਾ ਨਜ਼ਰ ਆਉਂਦਾ ਹੈ। ਪੁਰਾਣੇ ਗੀਤਾਂ ਵਿਚ ਰਿਸ਼ਤਿਆਂ ਦੀ ਪ੍ਰਧਾਨਤਾ ਸੀ। ਪੁਰਾਤਨ ਗੀਤਾਂ ਵਿਚ ਕੁਝ ਖੱਟਣ ਕਮਾਉਣ ਦਾ ਜ਼ਿਕਰ ਸੀ ਪਰ ਅੱਜਕਲ੍ਹ ਦੇ ਗੀਤਾਂ ਵਿਚ ਨੌਜਵਾਨ ਦੀ ਬਰਬਾਦੀ ਨੂੰ ਚਿਤਰਿਤ ਕੀਤਾ ਗਿਆ ਹੈ। ਇਹਨਾਂ ਗੀਤਾਂ ਵਿਚ ਔਰਤ ਮਰਦ ਨੂੰ ਗਲਤ ਰਸਤੇ ਤੇ ਤੋਰ ਰਹੀ ਨਜ਼ਰ ਆਉਂਦੀ ਹੈ। ਉਹ ਉਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਨਾ ਹੀ ਚੱਲ ਰਹੀ ਹੈ। ਸਗੋਂ ਉਸਦੀ ਬਰਬਾਦੀ ਦਾ ਕਾਰਨ ਵੀ ਬਣਦੀ ਹੈ। ਜਿਵੇਂ ਸ਼ੈਰੀਮਾਨ ਦਾ ਗੀਤ ਹੈ-

ਨੀ ਚੰਡੀਗੜ੍ਹ ਵਾਲੀਏ, ਹੁਣ ਨੀ ਮੁੜਦੇ ਯਾਰ,

ਮਿਸ ਕਾਲਾਂ ਨਾ ਮਾਰ........................।[5]

ਅਜੋਕੇ ਸਮੇਂ ਦੀ ਗੀਤਕਾਰੀ ਵਿਚ ਮਨੁੱਖੀ ਗੁਣਾਂ ਦੀ ਘਾਟ ਨਜ਼ਰੀ ਆਉਂਦੀ ਹੈ। ਇਸ ਵਿਚ ਬਾਹਰੀ ਦਿੱਖ ਪ੍ਰਧਾਨ ਹੈ। ਇਸ ਸੰਬੰਧੀ ਜੱਸੀ ਗਿੱਲ ਦਾ ਹੇਠਲਾ ਗੀਤ ਵਿਚਾਰਿਆ ਜਾ ਸਕਦਾ ਹੈ-

ਮੈ ਦੋ ਜੀਨਾਂ ਨੂੰ ਬਦਲ-ਬਦਲ ਪਾ ਲੈਨਾ ਹਾਂ

ਤਾਂ ਹੀ ਉਹਨੂੰ ਮੈਨੂੰ ਤੱਕ ਕੇ ਫੀਲਿੰਗ ਆਉਦੀ ਨਹੀਂ।[6]

ਕੋਈ ਵੀ ਸ਼ਾਬਦਿਕ ਕਲਾ ਭਾਵੇਂ ਉਹ ਗੀਤ ਹੋਵੇ, ਭਾਵੇਂ ਨਾਵਲ ਹੋਵੇਂ, ਕਹਾਣੀ ਹੋਵੇ, ਜਿਸ ਤਰ੍ਹਾਂ ਦਾ ਦੌਰ ਹੁੰਦਾ ਹੈ ਉਸਦਾ ਢਾਂਚਾ ਉਸ ਦੌਰ ਵਿਚ ਲੋਕਾਈ ਦੀਆਂ ਮੁਸ਼ਕਲਾਂ, ਉਸ ਦੌਰ ਦੇ ਰੁਝਾਨ, ਉਸ ਦੌਰ ਦਾ ਆਲਾ-ਦੁਆਲਾ, ਉਸ ਦੌਰ ਦੇ ਜੋ ਰਾਜਨੀਤਿਕ, ਆਰਥਿਕ, ਸਮਾਜਿਕ, ਧਾਰਮਿਕ, ਆਸਪੈਕਟ ਹਨ ਉਹਨਾਂ ਉੱਪਰ ਹੀ ਉਸਰਿਆਂ ਹੁੰਦਾ ਹੈ। ਗੀਤਕਾਰੀ ਵਿਚ ਅਜਿਹੇ ਰੁਝਾਨ ਆਉਣ ਦਾ ਮੁੱਖ ਕਾਰਨ ਖਪਤਕਾਰੀ ਯੁੱਗ ਦੀ ਸ਼ੁਰੂਆਤ ਹੈ ਕਿਉਂਕਿ ਇਸ ਸਮੇਂ ਪੂੰਜੀਵਾਦ ਦਾ ਦੌਰ ਹੈ। ਇਸ ਤਰ੍ਹਾਂ ਇਸ ਗੀਤਕਾਰੀ ਵਿਚ ਗੁਆਉਣ ਦਾ ਜ਼ਿਕਰ ਹੈ, ਖਪਤਵਾਦ ਦਾ ਜ਼ਿਕਰ ਹੈ ਅਤੇ ਪੂੰਜੀਵਾਦ ਭਾਰੂ ਨਜ਼ਰੀ ਆਉਂਦਾ ਹੈ। ਇਹਨਾਂ ਗੀਤਾਂ ਉੱਪਰ ਕਾਰਪੋਰੇਟ ਘਰਾਣਿਆਂ ਦਾ ਗਲਬਾ ਹੈ। ਇਹਨਾਂ ਗੀਤਾਂ ਵਿਚ ਔਰਤ ਦੀ ਬੇਪਤੀ ਵਧੀ ਹੈ। ਇਸ ਦੌਰ ਦੇ ਗੀਤਾਂ ਵਿਚ ਔਰਤ ਵਸਤੂ ਬਣ ਕੇ ਉਭਰੀ ਹੈ। ਇਹਨਾਂ ਵਿਚ ਉਸਦੇ ਸਰੀਰਕ ਅੰਗਾਂ ਦੀ ਨੁਮਾਇਸ਼ ਕੀਤੀ ਜਾਂਦੀ ਹੈ-

ਜਿੰਨੇ ਵਿਚ ਸੋਹਣੀਏ ਤੂੰ ਸਾਰੀ ਸੱਜਦੀ,

ਉਨੇ ਵਿਚ ਮਿੱਤਰਾਂ ਦੇ ਬੂਟ ਆਉਂਦੇ ਆ।[7]

ਇਸ ਗਾਇਕੀ ਵਿਚ ਬਿਰਤਾਂਤਕ ਗਾਇਕੀ ਵੀ ਕਿਤੇ-ਕਿਤੇ ਮਿਲਦੀ ਹੈ। ਜਿਵੇਂ ਸ਼ੈਰੀਮਾਨ ਦਾ ਗੀਤ ਹੈ ਯਾਰ ਅਣਮੁੱਲੇ ਇਸ ਗੀਤ ਦੀ ਪੇਸ਼ਕਾਰੀ ਬਿਰਤਾਂਤਕ ਲਹਿਜ਼ੇ ਵਿਚ ਹੋਈ ਹੈ। ਅਜੋਕੇ ਸਮੇਂ ਦੀ ਗਾਇਕੀ ਪਿੰਡਾਂ ਵਿਚੋਂ ਨਿਕਲ ਕੇ ਸਿੱਧਾ ਕਾਲਜਾਂ ਯੂਨੀਵਰਸਿਟੀਆਂ ਤੱਕ ਪਹੁੰਚ ਜਾਂਦੀ ਹੈ। ਪਹਿਲੀ ਗਾਇਕੀ ਵਿਚ ਜ਼ਿਆਦਾਤਰ

ਪਤੀ-ਪਤਨੀ ਦੇ ਭਾਵ ਹੁੰਦੇ ਸਨ ਪਰ ਅੱਜ ਦੀ ਗਾਇਕੀ ਪ੍ਰੇਮੀ-ਪ੍ਰੇਮਿਕਾ ਦੁਆਲੇ ਕੇਂਦਰਿਤ ਹੋ ਗਈ ਹੈ। ਅੱਜ ਦੀ ਗਾਇਕੀ ਵਿਚ ਜਮਾਤੀ ਚੇਤਨਾ ਦੀ ਵੀ ਪੇਸ਼ਕਾਰੀ ਹੋਈ ਹੈ। ਇਹਨਾਂ ਗੀਤਾਂ ਵਿਚ ਵੀ ਸਰਮਾਏਦਾਰੀ ਜਮਾਤ ਤੇ ਮੱਧਵਰਗੀ ਜਮਾਤ ਦੀ ਵਿਚਾਰਧਾਰਾ ਦਾ ਆਪਸੀ ਸੰਵਾਦ ਪੇਸ਼ ਹੋਇਆ ਹੈ। ਜਿਵੇਂ ਜੱਸੀ ਗਿੱਲ ਦਾ ਗੀਤ ਹੈ-

ਤੂੰ ਤਾਂ ਡੈਡੀ ਜੀ ਦੇ ਕੈਸ਼ ਉੱਤੇ ਕਰੀ ਜਾਵੇਂ ਐਸ਼,

ਸਾਡਾ ਬਾਪੂ ਜ਼ਿਮੀਂਦਾਰ ਕਿਥੋਂ ਲੈ ਕੇ ਦੇਵੇ ਕਾਰ।[8]

ਅੱਜ ਦੇ ਸਮੇਂ ਦੇ ਗੀਤ ਹਿੰਦੀ, ਪੰਜਾਬੀ, ਅੰਗਰੇਜ਼ੀ ਦਾ ਮਿਲਗੋਭਾ ਹਨ। ਪੁਰਾਣੇ ਸਮੇਂ ਦੀ ਗਾਇਕੀ ਦੇ ਬੋਲ ਇਕ ਹੀ ਭਾਸ਼ਾ ਤੇ ਕੇਂਦਰਿਤ ਹੁੰਦੇ ਸਨ। ਅੱਜ ਦੀ ਗਾਇਕੀ ਵਿਚ ਸੋਲੋ ਗਾਇਕੀ ਦਾ ਪ੍ਰਭਾਵ ਬਹੁਤ ਵਧਿਆ ਹੈ। ਪਰਵਾਸ ਦਾ ਰੁਝਾਨ ਤਾਂ ਪਹਿਲਾਂ ਵੀ ਸੀ ਪਰ ਅੱਜ ਦੇ ਗੀਤਾਂ ਵਿਚ ਪਰਵਾਸ ਦੀਆਂ ਮੁਸ਼ਕਲਾ ਆਮ ਹੀ ਮਿਲਦੀਆਂ ਹਨ। ਜਿਵੇਂ ਖਰਚੇ ਗੀਤ ਗੁਰਨਾਮ ਭੁੱਲਰ ਦਾ ਹੈ। ਇਸ ਗੀਤ ਵਿਚ ਵਿਦੇਸ਼ ਵਿਚ ਪਤੀ-ਪਤਨੀ ਵੱਲੋਂ ਆ ਰਹੀਆਂ ਘਰੇਲੂ ਸਮੱਸਿਆਵਾਂ ਦੀ ਪੇਸ਼ਕਾਰੀ ਹੋਈ ਹੈ। ਇਹਨਾਂ ਗੀਤਾਂ ਵਿਚ ਪਰਵਾਸੀ ਮਾਂ-ਭੈਣ ਦੇ ਰਿਸ਼ਤੇ ਨੂੰ ਯਾਦ ਕਰਦਾ ਹੈ। ਜਿਵੇਂ ਸ਼ੈਰੀਮਾਨ ਦਾ ਗੀਤ (ਆਟੇ ਦੀ ਚਿੜੀ) ਪਰਵਾਸ ਵਿਚ ਮਾਂ ਤੋਂ ਦੂਰ ਹੋਣ ਦੀ ਤੜਪ ਨੂੰ ਬਿਆਨ ਕਰਦਾ ਦੇਖਿਆ ਜਾ ਸਕਦਾ ਹੈ। ਅਜੋਕੇ ਸਮੇਂ ਦੀ ਗਾਇਕੀ ਵਿਚ ਮਨੁੱਖੀ ਸੰਵੇਦਨਾ ਦੀ ਘਾਟ ਨਜ਼ਰੀ ਪੈਂਦੀ ਹੈ। ਇਸ ਗਾਇਕੀ ਵਿਚ ਪਿਆਰ ਹਕੀਕਤ ਦੀ ਬਜਾਏ ਜਿਨਸੀ ਹੋ ਗਿਆ ਪ੍ਰਤੀਤ ਹੁੰਦਾ ਹੈ। ਇਸ ਵਿਚ ਸੱਚੇ ਪਿਆਰ ਦੀ ਬਜਾਏ ਕਈ ਪਿਆਰ ਹੰਢਾਏ ਜਾਣ ਨੂੰ ਤਰਜੀਹ ਦਿੱਤੀ ਗਈ ਹੈ। ਇਹ ਪਿਆਰ ਤਾਂ ਜਿਸਮ ਤੱਕ ਹੀ ਸੀਮਿਤ ਹੋ ਗਿਆ ਹੈ। ਜਿਵੇਂ ਕਰਨ ਔਜਲਾ ਦਾ ਗੀਤ ਹੈ ਕਿਆ ਬਾਤ ਆ ਵੇ ਜੱਟਾਂ ਕਿਆ ਬਾਤ ਆ ਸੁਣਨਯੋਗ ਹੈ। ਅੱਜ ਦੀ ਗੀਤਕਾਰੀ ਨਿੱਜੀ ਨੋਕ-ਝੋਕ ਤੋਂ ਉੱਪਰ ਉੱਠ ਕੇ ਸਮਾਜਿਕ ਮੁੱਦਿਆ ਤੇ ਫੋਕਸ ਕਰਦੀ ਵੀ ਨਜ਼ਰੀ ਪੈਂਦੀ ਹੈ। ਪੁਰਾਣੀ ਗੀਤਕਾਰੀ ਵਿਚ ਵੀ ਇਹ ਰੁਝਾਨ ਮਿਲਦੇ ਸਨ ਪਰ ਉਹ ਮੁੱਦੇ ਸਮਾਜਿਕ ਰਿਸ਼ਤਿਆਂ ਜਿਵੇਂ ਘਰੇਲੂ ਕਾਟੋ-ਕਲੇਸ਼, ਨਿੱਜੀ ਕੰਮ ਧੰਦਿਆਂ ਜਾਂ ਸਾਡੀ ਨਿੱਜੀ ਪਹੁੰਚ ਤੱਕ ਸੀਮਿਤ ਹੁੰਦੇ ਸਨ ਪਰ ਅੱਜ ਦੇ ਗੀਤ ਸਾਡੀ ਨਿੱਜੀ ਪਹੁੰਚ ਤੋਂ ਲੈ ਕੇ ਸਾਡੇ ਸਮੂਹਿਕ ਭਾਇਚਾਰੇ ਦੀ ਵਿਚਾਰਧਾਰਾ ਵੱਲ ਸਫ਼ਰ ਕਰਦੇ ਨਜ਼ਰੀ ਆਉਂਦੇ ਹਨ। ਇਸ ਵਿਚ ਕਿਸਾਨੀ ਧਰਨੇ, ਦਲਿਤਾਂ ਦੇ ਮੁੱਦਿਆਂ, ਅਤੇ ਰਾਜਨੀਤਿਕ ਮੁੱਦੇ ਵੀ ਉਭਾਰੇ ਗਏ ਹਨ। ਪੁਰਾਤਨ ਗਾਇਕੀ ਸੁਜੀਲੀ ਸੀ ਅੱਜਕਲ੍ਹ ਦੀ ਗਾਇਕੀ ਸ਼ੋਰੀਲੀ ਹੈ। ਅੱਜ ਦੀ ਗੀਤਕਾਰੀ ਵਿਚ ਇਲੈਕਟ੍ਰੋਨਿਕ ਸਾਜ਼ ਵਧੇਰੇ ਹਨ। ਅੱਜ ਦੀ ਗਾਇਕੀ ਵਿਸ਼ਵੀਕਰਨ ਹੋਣ ਨਾਲ ਪੱਛਮੀ ਸਾਹਿਤ ਨਾਲ ਜੁੜ ਗਈ ਹੈ। ਇਸ ਵਿਚ ਸਭਿਆਚਾਰਕ ਗਿਰਾਵਟ ਆਪ-ਮੁਹਾਰੇ ਆ ਗਈ ਹੈ। ਡਾ. ਰਾਜਿੰਦਰਪਾਲ ਸਿੰਘ ਪੰਜਾਬੀ ਗਾਇਕੀ ਵਿਚ ਵਿਸ਼ਵੀਕਰਨ ਦੇ ਅਧੀਨ ਆਏ ਪ੍ਰਭਾਵ ਬਾਰੇ ਲਿਖਦੇ ਹਨ-

> ਪੰਜਾਬੀ ਗਾਇਕੀ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਵਪਾਰੀਕਰਨ ਦੇ ਰਾਹ ਪੈ ਕੇ ਲੱਚਰਤਾ ਦਾ ਸ਼ਿਕਾਰ ਹੋ ਚੁੱਕੀ ਹੈ। ਇਸ ਵਿਚ ਅਸ਼ਲੀਲਤਾ, ਹਿੰਸਾ, ਨਸ਼ਿਆਂ ਨੂੰ ਹੀ ਨਹੀਂ ਵਡਿਆਇਆ ਜਾਂਦਾ ਸਗੋਂ ਔਰਤ ਦੀ ਹੇਠੀ ਵੀ ਕੀਤੀ ਜਾਂਦੀ ਹੈ। ਇਹ ਸਮਾਜਿਕ ਸਰੋਕਾਰਾਂ ਤੋਂ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ, ਇਹ ਸੁਰ ਤੋਂ ਭਟਕ ਚੁੱਕੀ ਹੈ, ਅਤੇ ਸ਼ੋਰ ਦੀ ਪ੍ਰਧਾਨਤਾ ਹੋ ਚੁੱਕੀ ਹੈ, ਇਸ ਤੋਂ ਵੀ ਅੱਗੇ ਕੁਝ ਲੋਕਾਂ ਦੇ ਖਿਆਲ ਅਨੁਸਾਰ ਪੰਜਾਬੀ ਸਮਾਜ ਦੀਆਂ (ਬਹੁਤੀਆਂ) ਸਮੱਸਿਆਵਾਂ ਲਈ ਇਹ ਗਾਇਕੀ ਅਲਾਮਤ ਨਹੀਂ ਸਗੋਂ ਜ਼ੁੰਮੇਵਾਰ ਹੈ। ਇਸ ਲਈ ਇਸ ਗਾਇਕੀ ਦਾ ਹਰ ਪੱਧਰ ਤੇ ਵਿਰੋਧ ਕਰਨਾ ਚਾਹੀਦਾ ਹੈ।[9]

ਇਸ ਗੱਲ ਤੋਂ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਇਸ ਗਾਇਕੀ ਦਾ ਵਿਰੋਧ ਹੋਣਾ ਚਾਹੀਦਾ ਹੈ ਪਰ ਕਿਸੇ ਹੱਦ ਵਿਚ ਰਹਿ ਕੇ ਕਿਉਕਿਂ ਜਦੋਂ ਪੰਜਾਬੀ ਸਾਹਿਤ ਵਿਚ ਕੋਈ ਵੀ ਕਲਾ ਰੂਪ ਵਿਧਾ ਪੈਦਾ ਹੁੰਦੀ ਹੈ। ਉਹ ਸਾਡੇ ਸਮਾਜ ਵਿਚ ਜੋ ਕੁਝ ਵਾਪਰ ਰਿਹਾ ਹੁੰਦਾ ਹੈ। ਉਸ ਵਾਪਰ ਰਹੇ ਦੀ ਤਸਵੀਰ ਲੋਕਾਂ ਸਾਹਮਣੇ ਪੇਸ਼ ਕਰਦੀ ਹੈ। ਇਸ ਕਰਕੇ ਇਸ ਦਾ ਵਿਰੋਧ ਨਹੀਂ ਕਰਨਾ ਚਾਹੀਦਾ। ਗੀਤਾ ਰਾਹੀਂ ਤਾਂ ਲੋਕ ਸਗੋਂ ਆਪਣਾ ਮਾਨਸਿਕ ਵਿਰੇਚਨ ਕਰਦੇ ਹਨ। ਇਸ ਕਰਕੇ ਉਹ ਮਾਨਸਿਕ ਰੋਗੀ ਹੋਣ ਤੋਂ ਅਕਸਰ ਹੀ ਬਚੇ ਰਹਿੰਦੇ ਹਨ। ਅੱਜਕਲ੍ਹ ਦੀ ਗਾਇਕੀ ਵਿਚ ਨੌਜਵਾਨ ਪੀੜ੍ਹੀ ਦੇ ਹਾਵਾਂ ਭਾਵਾਂ ਦੀ ਹੀ ਪੇਸ਼ਕਾਰੀ ਹੋਈ ਹੈ। ਇਸ ਗਾਇਕੀ ਵਿਚ ਕਿਸੇ ਵੀ ਹੋਰ ਉਮਰ ਵਰਗ ਦੇ ਲੋਕਾਂ ਦੇ ਭਾਵਾਂ ਦੀ ਬਿਲਕੁਲ ਵੀ ਤਰਜ਼ਮਾਨੀ ਹੋਈ ਨਹੀਂ ਮਿਲਦੀ। ਇਸ ਤਰ੍ਹਾਂ ਪੁਰਾਣੀ ਗਾਇਕੀ ਦੇ ਮੁਕਾਬਲਤਨ ਅੱਜ ਦੀ ਗਾਇਕੀ ਪੰਜਾਬੀ ਨੌਜਵਾਨ ਨੂੰ ਮਿਹਨਤ ਮੁਸ਼ੱਕਤ ਕਰਦਾ ਨਹੀਂ ਦਰਸਾਉਂਦੀ ਸਗੋਂ ਉਸਨੂੰ ਵਿਹਲੜ, ਕਮਜ਼ੋਰ, ਤੇ ਗੁੰਡੇ ਦੇ ਰੂਪ ਵਿਚ ਚਿਤਰਦੀ ਹੋਈ ਨਜ਼ਰੀ ਪੈਂਦੀ ਹੈ। ਡਾ. ਕੇਸਰ ਸਿੰਘ ਬਰਵਾਲੀ ਅਨੁਸਾਰ-

> ਅਜੋਕੀ ਪਾਪੂਲਰ ਗੀਤਕਾਰੀ ਅਤੇ ਗਾਇਕੀ ਦਾ ਸਭ ਤੋਂ ਦੁਖਾਂਤਕ ਪੱਖ ਇਹ ਜਾਪਦਾ ਹੈ ਕਿ ਇਸ ਵਿਚੋਂ ਕਿਰਤ ਮਨਫ਼ੀ ਹੋ ਗਈ ਹੈ। ਅੱਜ ਦੀ ਗਾਇਕੀ ਦੇ ਬਹੁਤੇ ਗੀਤਕਾਰ ਅਤੇ ਗਾਇਕ ਸਮਾਜਿਕ ਸਰੋਕਾਰਾਂ ਤੋਂ ਦੂਰ ਖੜੇ ਅਜਨਬੀਕ੍ਰਿਤ ਸ਼ਖਸ਼ ਜਾਪਦੇ ਹਨ। ਇਹਨਾਂ ਦੀ ਗੀਤਕਾਰੀ ਤੇ ਗਾਇਕੀ ਜ਼ਿੰਦਗੀ ਨਾਲ ਜੂਝਦੇ ਮਨੁੱਖ ਦੇ ਕੌੜੇ ਮਿੱਠੇ ਅਨੁਭਵਾਂ ਦੀ ਤਰਜ਼ਮਾਨੀ ਨਹੀਂ ਕਰਦੀ। ਇਹ ਗਾਇਕੀ ਨਿਰਾਸ਼ਤਾ, ਇਕੱਲਤਾ, ਅਤੇ ਸੁਪਨੇਮਈ ਰੁਮਾਂਸ ਦਾ ਪ੍ਰਗਟਾਵਾ ਕਰਦੀ ਪ੍ਰਤੀਤ ਹੁੰਦੀ ਹੈ।[10]

ਇਸ ਤਰ੍ਹਾਂ ਇਸ ਗਾਇਕੀ ਵਿਚ ਮਨੁੱਖੀ ਪਛਾਣ ਖੁੱਸਦੀ ਨਜ਼ਰ ਆਉਂਦੀ ਹੈ। ਇਸ ਗੀਤਕਾਰੀ ਵਿਚ ਮਨੁੱਖ ਹਕੀਕਤ ਦੀ ਬਜਾਏ ਕਲਪਨਾ ਵਿਚ ਜਿਉ ਰਿਹਾ ਪ੍ਰਤੀਤ ਹੁੰਦਾ ਹੈ। ਆਪਣੀ ਇਕੱਲਤਾ ਤੇ ਸਵੈ-ਪਛਾਣ ਖੁੱਸਦੀ ਹੋਣ ਕਰਕੇ ਉਹ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਬਾਰੇ ਦੱਸਣ ਦੀ ਕਾਹਲ ਵਿਚ ਹੈ। ਉਸ ਵਿਚੋਂ ਇਨਾਸਾਨੀਅਤ ਦਿਨੋਂ-ਦਿਨ ਮਰ ਰਹੀ ਹੈ। ਪੁਰਾਤਨ ਗਾਇਕੀ ਮਨੁੱਖੀ ਕਿਰਤ ਵਿਚੋਂ ਜਨਮ ਲੈਂਦੀ ਸੀ ਪਰ ਅੱਜਕਲ੍ਹ ਸਮੂਹਿਕ ਕਿਰਤ ਦੀ ਬਜਾਏ ਅਜੋਕਾ ਯੁੱਗ ਮਸ਼ੀਨੀਕਰਨ ਦਾ ਹੋਣ ਕਰਕੇ ਮਨੁੱਖ ਦੀ ਜਿੰਦਗੀ ਵਿਚ ਸ਼ੋਰ ਹੈ। ਉਹ ਆਪਣੇ ਆਪ ਤੋਂ ਟੁੱਟਿਆ ਹੋਇਆ ਹੈ। ਇਸ ਕਰਕੇ ਉਹ ਅਜਿਹੀ ਗਾਇਕੀ ਨੂੰ ਸੁਣਨ ਦੀ ਤਰਜੀਹ ਦਿੰਦਾ ਹੈ ਜੋ ਕਿ ਉਸਨੂੰ ਤਰੁੰਤ ਆਨੰਦ ਭਰਪੂਰ ਕਰ ਦੇਵੇ। ਗਾਇਕੀ ਦੇ ਮਸ਼ੀਨੀਕਰਨ ਹੋਣ ਬਾਰੇ ਡਾ. ਰਾਜਿੰਦਰਪਾਲ ਲਿਖਦੇ ਹਨ-

> ਅੱਜ ਮਲਟੀਟਰੈਕ ਸਟੂਡੀਓ ਵਿਚ ਤਾਂ ਗਾਇਕ ਸਾਰਾ ਗੀਤ ਵੀ ਇਕੱਠਾ ਨਹੀਂ ਗਾਉਂਦਾ ਸਗੋਂ ਟੋਟਿਆਂ ਵਿਚ ਸਾਹ ਲੈ ਲੈ ਕੇ ਗਾਉਂਦਾ ਹੈ। ਅਜਿਹਾ ਗਾਇਕ ਜਦੋਂ ਜਨਤਕ ਪੇਸ਼ਕਾਰੀ ਦਿੰਦਾ ਹੈ ਤਾਂ ਆਵਾਜ਼ ਵੀ ਸਾਥ ਨਹੀਂ ਦਿੰਦੀ। ਸੋ ਰਿਕਾਰਡਿੰਗ ਦੀ ਪੱਧਰ ਤੇ ਲੋਕ ਸੰਗੀਤ ਪੇਸ਼ਕਾਰੀ ਨਾਲੋਂ ਟੁੱਟ ਕੇ ਯੰਤਰਿਕ ਹੋ ਗਿਆ ਹੈ।[11]

ਉਕਤ ਟਿੱਪਣੀ ਤੋਂ ਜਾਹਰ ਹੁੰਦਾ ਹੈ ਕਿ ਗੀਤਕਾਰੀ ਸੰਚਾਰ ਦਾ ਮਾਧਿਅਮ ਜਦੋਂ ਤੋਂ ਬਿਜਲਈ ਯੰਤਰ ਬਣੇ ਹਨ, ਉਦੋਂ ਤੋ ਹੀ ਇਸ ਵਿਚ ਅਨੇਕ ਤਬਦੀਲੀਆਂ ਆਈਆਂ ਹਨ। ਇਹ ਗੀਤ ਹੁਣ ਲੋਕਾਂ ਦੇ ਸੀਨਿਆਂ ਵਿਚ ਲੰਮਾ ਸਮਾਂ ਟਿਕੇ ਨਹੀਂ ਰਹਿ ਸਕਦੇ ਸਗੋਂ ਇਹ ਇੱਕ ਵਿਸਫੋਟ ਕਰਕੇ ਆਪਣੀ ਹੋਂਦ ਨੂੰ ਗੁਆ ਦਿੰਦਾ ਹੈ। ਇਹ ਬਿਜਲਈ ਯੰਤਰਾਂ ਵਾਲੀ ਗੀਤਕਾਰੀ ਮਨੁੱਖ ਦੀ ਮਸਨੂਈ ਬੁੱਧੀ ਵੱਲ ਆਪ-ਮੁਹਾਰੇ ਹੀ ਸੰਕੇਤ ਕਰਦੀ ਹੈ। ਅੱਜ ਦੀ ਗੀਤਕਾਰੀ ਵਿਚ ਜੱਟ ਭਾਈਚਾਰੇ ਦੀ ਮਾਨਸਿਕਤਾ ਫੈਲਾਉਣ ਦਾ ਰੁਝਾਨ ਵਧਿਆ ਹੈ। ਪੰਜਾਬ ਵਿਚ ਬਾਕੀ ਜਾਤੀਆਂ ਨੂੰ ਅੱਖੋ-ਪਰੋਖੇ ਕਰਕੇ ਜੱਟ ਦੀ ਜੀਵਨ ਸ਼ੈਲੀ ਨੂੰ ਉਭਾਰਿਆ ਜਾਂਦਾ ਹੈ। ਭਾਵੇਂ ਕਿ ਇਹ ਅਸਲੀਅਤ ਤੋਂ ਕੋਹਾਂ ਦੂਰ ਹੈ। ਜੱਟ ਦਾ ਗੀਤਾਂ ਵਿਚ ਪੇਸ਼ਕਾਰੀ ਦਾ ਮੁੱਖ ਕਾਰਨ ਉਸ ਕੋਲ ਆਮਦਨੀ ਦੇ ਸ੍ਰੋਤਾਂ ਦਾ ਵੱਧ ਤੋਂ ਵੱਧ ਉਪਲਬੱਧ ਹੋਣਾ ਹੈ। ਇਸ ਬਾਰੇ ਡਾ. ਧਰਮ ਸਿੰਘ ਲਿਖਦੇ ਹਨ-

> ਵੱਖ-ਵੱਖ ਚੈਨਲਾਂ ਤੋਂ ਗਾਇਕਾਂ ਦੀਆਂ ਮੁਲਾਕਾਤਾਂ ਵੇਖਣ ਸੁਣਨ ਤੋਂ ਬਾਅਦ ਇਹ ਦ੍ਰਿੜ੍ਹ ਹੁੰਦਾ ਹੈ ਕਿ ਇਹ ਸਭ ਜੇਬਾਂ ਵਿਚੋਂ ਪੈਸੇ ਕਢਾਉਣ ਖਾਤਰ ਜਾਣ ਬੁੱਝ ਕੇ ਕੀਤਾ ਜਾਂਦਾ ਹੈ ਅਤੇ ਜੱਟ ਸਹਿਜੇ ਹੀ ਇਹਨਾਂ ਦੇ ਵਿਛਾਏ ਇੰਦਰਜਾਲ ਵਿਚ ਫਸ ਜਾਂਦਾ ਹੈ। ਵਿਆਹ ਸ਼ਾਦੀਆਂ ਜਾਂ ਖੁਸ਼ੀ ਦੇ ਕਿਸੇ ਹੋਰ ਮੌਕੇ ਜਦ ਸ਼ਰਾਬ ਦੀਆਂ ਗਲਾਸੀਆਂ ਜੱਟ ਦੇ ਅੰਦਰ ਜਾਂਦੀਆਂ ਹਨ ਤਾਂ ਉਸਦੀ ਦਲੇਰੀ, ਹੈਂਕੜ, ਜਾਤੀ ਅਭਿਮਾਨ, ਅਤੇ ਸਵੈ ਵਡਿਆਈ ਬਾਹਰ ਆਉਣ ਲੱਗਦੇ ਹਨ। ਗੀਤਾਂ ਵਿਚ ਆਪਣੀ ਹੋ ਰਹੀ ਪ੍ਰਸੰਸਾ ਸੁਣ ਕੇ ਉਸਦੇ ਪੈਰ ਧਰਤੀ ਉੱਤੇ ਨਹੀਂ ਲੱਗਦੇ ਅਤੇ ਉਹ ਕਿਸੇ ਹੋਰ ਸੁਪਨੀਲੀ ਦੁਨੀਆਂ ਵਿਚ ਗੁਆਚਿਆ ਫਿਰਦਾ ਹੈ। ਗਾਇਕ ਦਾ ਮਕਸਦ ਤਾਂ ਵੱਧ ਤੋਂ ਵੱਧ ਪੈਸੇ ਬਟੋਰਨਾ ਹੁੰਦਾ ਹੈ ਅਤੇ ਜੱਟ ਨੂੰ ਫੂਕ ਦਿੱਤਿਆ ਇਹ ਕੰਮ ਆਸਾਨੀ ਨਾਲ ਹੋ ਜਾਂਦਾ ਹੈ।[12]

ਡਾ. ਧਰਮ ਸਿੰਘ ਦੇ ਇਹਨਾਂ ਵਿਚਾਰਾਂ ਦੇ ਨਾਲ ਮਿਲਦੇ ਹੋਰ ਵੀ ਆਲੋਚਕ ਜਿਵੇਂ ਕਿ ਰੱਬੀ ਰਾਬਿੰਦਰ ਸਿੰਘ ਨੇ ਜੱਟ ਦੇ ਗੀਤਾਂ ਵਿਚ ਪੇਸ਼ ਹੋ ਰਹੀ ਜੀਵਨ-ਸ਼ੈਲੀ ਬਾਰੇ ਆਪਣੀ ਰਾਇ ਦਿੱਤੀ ਹੈ-

> ਇਹੋ ਹੀ ਨਹੀਂ ਹੋਰ ਵੀ ਬਹੁਤ ਅਜਿਹੇ ਗੀਤ ਕੈਸਿਟ ਕਲਚਰ ਨੇ ਸਾਡੇ ਘਰ ਲਿਆ ਸੁੱਟੇ ਨੇ ਜਾਂ ਕੇਬਲ ਜਰੀਏ ਸਾਡੇ ਘਰ ਆ ਵੜੇ ਨੇ। ਇਨ੍ਹਾਂ ਗੀਤਾਂ ਚ ਜੱਟਾਂ ਨੂੰ ਫੂਕ ਛਕਾਉਣ ਤੋਂ ਬਿਨ੍ਹਾਂ ਕੁਝ ਵੀ ਨਹੀਂ ਹੁੰਦਾ।[13]

ਉਕਤ ਟਿੱਪਣੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਵਿਚ ਜੱਟਾਂ ਦੀ ਆਰਥਿਕ ਹਾਲਤ ਠੀਕ ਹੋਣ ਕਰਕੇ ਉਹਨਾਂ ਦੇ ਗੀਤ ਬਣਾ ਕੇ ਗਾਏ ਜਾਂਦੇ ਹਨ ਤਾਂ ਜੋ ਵੱਧ ਤੋਂ ਵੱਧ ਮੁਨਾਫਾਂ ਕਮਾਇਆ ਜਾ ਸਕੇ। ਜਿਵੇਂ ਕਿ ਪਹਿਲਾਂ ਰਾਜਿਆਂ-ਮਹਾਰਾਜਿਆਂ ਨੂੰ ਉਹਨਾਂ ਦੀ ਸਿਫਤ ਵਿਚ ਛੰਦ ਸੁਣਾ ਕੇ ਖੁਸ਼ ਕੀਤਾ ਜਾਂਦਾ ਸੀ ਤੇ ਉਹਨਾਂ ਤੋਂ ਇਨਾਮ ਦੀ ਲਾਲਸਾ ਰੱਖੀ ਜਾਂਦੀ ਸੀ। ਇਸ ਤਰ੍ਹਾਂ ਹੀ ਅੱਜ ਦੀ ਗੀਤਕਾਰੀ ਵਿਚ ਹੋ ਰਿਹਾ ਹੈ।

ਇਸ ਤਰ੍ਹਾਂ ਜੱਟ ਜਾਤ ਨਾਲ ਸੰਬੰਧਿਤ ਵੱਧ ਤੋਂ ਵੱਧ ਗੀਤ ਆਉਣ ਨਾਲ ਅੱਜ ਦੀ ਗਾਇਕੀ ਦੇ ਪੇਸ਼ਕਾਰੀ ਦੇ ਰੁਝਾਨ ਵਿਚ ਵੀ ਤਬਦੀਲੀ ਆਈ ਹੈ। ਵੈਸੇ ਤਾਂ ਪਹਿਲੇ ਸਮਿਆਂ ਵਿਚ ਅਖਾੜੇ ਬਹੁਤ ਲੱਗਦੇ ਸਨ ਪਰ ਹੁਣ ਅਖਾੜਿਆ ਦਾ ਰੁਝਾਨ ਬਹੁਤ ਘਟ ਗਿਆ ਹੈ। ਪਹਿਲਾਂ ਗਾਇਕ ਜਦੋਂ ਸਟੇਜ ਉੱਪਰ ਚੜ੍ਹਦਾ ਸੀ ਤਾਂ ਪਹਿਲਾਂ ਉਹ ਸਟੇਜ ਨੂੰ ਮੱਥਾ ਟੇਕਦਾ ਸੀ ਅਤੇ ਰੱਬ ਜਾਂ ਅੱਲ੍ਹਾ ਦਾ ਸ਼ੁਕਰਾਨਾ ਕਰਦਾ ਸੀ ਪਰ ਅੱਜ ਦਾ ਗਾਇਕ ਆਪਣੀ ਪੇਸ਼ਕਾਰੀ ਤੋਂ ਪਹਿਲਾਂ ਹੁੱਲੜਬਾਜੀ ਕਰ ਰਹੇ ਸ੍ਰੋਤਿਆਂ ਨੂੰ ਸ਼ਾਤ ਕਰਨ ਦੀ ਕੋਸ਼ਿਸ਼ ਦੇ ਨਾਲ-ਨਾਲ ਆਪ ਵੀ ਉਹਨਾਂ ਵਾਂਗ ਹਰਕਤਾਂ ਕਰਦਾ ਨਜਰ ਆਉਂਦਾ ਹੈ। ਪੁਰਾਤਨ ਗਾਇਕੀ ਸਮੇਂ ਗਾਇਕ ਸਟੇਜ ਦੇ ਧਨੀ ਹੁੰਦੇ ਸਨ। ਉਹ ਜਿਸ ਗੀਤ ਦੀ ਪੇਸ਼ਕਾਰੀ ਕਰਦੇ ਸਨ। ਉਸ ਗੀਤ ਦੇ ਭਾਵ ਅਨੁਸਾਰ ਹੀ ਆਪਣੀਆਂ ਸਰੀਰਕ ਹਰਕਤਾਂ ਕਰਕੇ ਸ੍ਰੋਤਿਆਂ ਅੱਗੇ ਦ੍ਰਿਸ਼ ਚਿਤਰਨ ਕਰ ਦਿੰਦੇ ਸਨ। ਪਰ ਅੱਜ ਦੇ ਗਾਇਕ ਸਟੇਜ ਉਪਰ ਬਹੁਤਾ ਸਮਾਂ ਟਿਕ ਨਹੀਂ ਸਕਦੇ। ਉਹਨਾਂ ਕੋਲ ਲਾਈਵ ਸ਼ੋਅ ਦਾ ਬਿਲਕੁਲ ਵੀ ਤਜਰਬਾ ਨਹੀਂ ਹੁੰਦਾ। ਉਹਨਾਂ ਕੋਲ ਕੁਝ ਕੁ ਗੀਤ ਹੀ ਆਪਣੇ ਗਾਏ ਹੋਏ ਜਾਂ ਫਿਰ ਮੌਲਿਕ ਹੁੰਦੇ ਹਨ ਬਾਕੀ ਗੀਤ ਉਹ ਦੂਸਰੇ ਗਾਇਕਾਂ ਦੇ ਗਾ ਕੇ ਆਪਣਾ ਸਮਾਂ ਲੰਘਾਉਂਦੇ ਹਨ।

ਅੱਜ ਦੀ ਗਾਇਕੀ ਪਾਪੂਲਰ ਗਾਇਕੀ ਵਿਚ ਆਉਂਦੀ ਹੈ ਜਿਸ ਦਾ ਮੁੱਖ ਲੱਛਣ ਕੁਝ ਸਮਾਂ ਆਨੰਦ ਦੇ ਕੇ ਆਲੋਪ ਹੋ ਜਾਣਾ ਹੈ। ਭਾਵ ਕਿ ਇਹ ਗਾਇਕੀ ਚਿਰਸਥਾਈ ਨਹੀਂ ਹੁੰਦੀ। ਜਦਕਿ ਇਸ ਤੋਂ ਪਹਿਲੀ ਗਾਇਕੀ ਨੂੰ ਅਸੀਂ ਅਮਰ ਹੋ ਗਈ ਆ ਸਕਦੇ ਹਾਂ ਕਿਉਂਕਿ ਇਹ ਸਦੀਵੀ ਗਾਇਕੀ ਹੈ, ਇਹ ਗਾਇਕੀ ਹਰ ਵਰਗ ਦੇ ਲੋਕਾਂ ਦਾ ਮੰਨੋਰੰਜਨ ਕਰਦੀ ਹੈ। ਇਸ ਗਾਇਕੀ ਵਿਚ ਅਸੀਂ ਮਹੁੰਮਦ ਸਦੀਕ, ਗੁਰਦਾਸ ਮਾਨ, ਹਰਭਜਨ ਮਾਨ, ਕੁਲਦੀਪ ਮਾਣਕ, ਚਮਕੀਲੇ ਦੀ ਗਾਇਕੀ ਨੂੰ ਰੱਖ ਸਕਦੇ ਹਾਂ।

ਅਜੋਕੇ ਸਮੇਂ ਦੀ ਗੀਤਕਾਰੀ ਆਪਣੇ ਪਹਿਲੇ ਸਮਿਆਂ ਦੀ ਗੀਤਕਾਰੀ ਨਾਲੋਂ ਇਕ ਹੋਰ ਪੱਖ ਤੋਂ ਵੀ ਵਿਭਿੰਨ ਹੈ। ਪੁਰਾਤਨ ਸਮੇਂ ਵਿਚ ਗੀਤਕਾਰ ਆਪਣੇ ਗੀਤ ਦੀ ਰਚਨਾ ਸਹਿਜ ਸੁਭਾਵਿਕ ਕਰਦੇ ਸਨ ਭਾਵ ਕਿ ਉਸ ਸਮੇਂ ਤਾਂ ਗੀਤਕਾਰ ਆਪਣਾ ਨਾਂ ਵੀ ਗੀਤ ਵਿਚ ਸ਼ਾਮਲ ਨਹੀਂ ਕਰਦੇ ਸਨ। ਉਹ ਗੀਤਕਾਰੀ ਜ਼ਿਆਦਾਤਰ ਲੋਕਾਂ ਦੇ ਨਜ਼ਦੀਕ ਵਿਚਰਦੀ ਸੀ ਉਸ ਵਿਚ ਲੋਕਾਂ ਦੇ ਭਾਵ, ਜਜ਼ਬਿਆਂ ਨੂੰ ਸਥਾਨ ਮਿਲਦਾ ਸੀ। ਪਰ ਇਹ ਗਾਇਕੀ ਪਾਪੂਲਰ ਹੋਣ ਕਰਕੇ ਇਸ ਉੱਪਰ ਇਸਦਾ ਕਰਤਾ ਆਪਣਾ ਨਾਂ ਸਪੈਸ਼ਲ ਲਿਖਦਾ ਹੈ ਕਿਉਂਕਿ ਇਸੇ ਵਿਚ ਹੀ ਉਸਦੀ ਪ੍ਰਸਿੱਧੀ ਹੈ। ਇਹ ਗੀਤਕਾਰੀ ਮੰਡੀ ਦੀ ਵਸਤ ਬਣ ਗਈ ਹੈ, ਇਸ ਦਾ ਮੁੱਖ ਕੰਮ ਮੁਨਾਫ਼ਾ ਕਮਾਉਣਾ ਹੈ ਭਾਵੇਂ ਲੋਕਾਂ ਦੀਆਂ ਸਿੱਕਾਂ ਸੱਧਰਾਂ ਨੂੰ ਕਿਉ ਨਾ ਦਾਅ ਤੇ ਲਾਉਣਾ ਪਵੇ। ਇਸ ਗੀਤਕਾਰੀ ਵਿਚ ਲੋਕਮਨ ਨੂੰ ਸੁਹਜ-ਸੁਆਦ ਦੇਣ ਵਾਲੀ ਲੋਕਧਾਰਿਕ ਵੰਨਗੀ ਲੋਕ ਸਾਹਿਤ ਦਾ ਰੂਪਾਂਤਰਣ ਵੀ ਆਧੁਨਿਕ ਵਿਚਾਰਧਾਰਾ ਅਨੁਸਾਰ ਹੋਣ ਲੱਗ ਪਿਆ ਹੈ। ਅਜੋਕੇ ਸਮੇਂ ਦੇ ਗੀਤਕਾਰ ਪੰਜਾਬੀ ਲੋਕਧਾਰਾ ਦੇ ਪਰੰਪਰਿਕ ਰੂਪਾਂ ਨੂੰ ਤੋੜ ਮਰੋੜ ਕੇ ਆਪਣੇ ਨਾਂ ਹੇਠ ਰਿਕਾਰਡ ਕਰਵਾ ਰਹੇ ਹਨ ਜਾਂ ਫਿਰ ਇਹਨਾਂ ਲੋਕਧਾਰਿਕ ਰੂੜ੍ਹੀਆਂ ਨੂੰ ਬਿਲਕੁਲ ਵਰਤਣ ਤੋਂ ਗੁਰੇਜ਼ ਕਰਦੇ ਜਾਪਦੇ ਹਨ। ਜਸਵਿੰਦਰ ਸ਼ਰਮਾਂ ਜਦੋਂ ਪੰਜਾਬੀ ਗੀਤਕਾਰੀ ਦੇ ਅੰਤਰਰਾਸ਼ਟਰੀ ਪੱਧਰ ਦੀ ਗਾਇਕੀ ਦੇ ਹਾਣੀ ਹੋਣ ਦੀ ਗੱਲ ਕਰਦੇ ਹਨ ਤਾਂ ਉਹਨਾਂ ਦੀ ਦਲੀਲ ਇਸ ਤੋਂ ਬਿਲਕੁਲ ਵੱਖਰੀ ਹੈ। ਉਹਨਾਂ ਅਨੁਸਾਰ-

> ਪੌਪ ਗਾਇਕੀ ਨੇ ਪੰਜਾਬੀ ਸੱਭਿਆਚਾਰ ਤੇ ਸਮਾਜ ਵਿਚ ਮਹੱਤਵਪੂਰਨ ਸਥਾਨ ਰੱਖਦੀਆਂ ਪੰਜਾਬੀ ਲੋਕ ਕਥਾਵਾਂ ਤੋਂ ਪੂਰੀ ਤਰ੍ਹਾਂ ਕਿਨਾਰਾ ਕਰ ਲਿਆ ਹੈ। ਜਿਸ ਕਾਰਨ ਨਵੀਂ ਪੀੜ੍ਹੀ ਭਾਰਤੀ ਇਤਿਹਾਸ ਮਿਥਿਹਾਸ ਦੇ ਨਾਲ ਨਾਲ ਇਸਲਾਮੀ ਪਰੰਪਰਾ ਬਾਰੇ ਜਾਣਕਾਰੀ ਤੋਂ ਸੱਖਣੀ ਹੋ ਰਹੀ ਹੈ।[14]

ਇਸ ਟਿੱਪਣੀ ਤੋਂ ਸਿੱਧ ਹੁੰਦਾ ਹੈ ਕਿ ਪੰਜਾਬੀ ਗੀਤਕਾਰਾਂ ਨੇ ਸਾਡੀਆਂ ਲੋਕਧਾਰਿਕ ਰੂੜ੍ਹੀਆਂ ਨੂੰ ਅੱਖੋ-ਪਰੋਖੇ ਕੀਤਾ ਜਾਂ ਫਿਰ ਉਹਨਾਂ ਦੇ ਅਸਲੀ ਰੂਪ ਨਾਲ ਛੇੜ-ਛਾੜ ਕੀਤੀ ਹੈ। ਉਹ ਪੰਜਾਬੀ ਸਭਿਆਚਾਰ ਲਈ ਨੁਕਸਾਨਦੇਹ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਿਰਸੇ ਤੋਂ ਅਣਜਾਣ ਰਹਿ ਜਾਣਗੀਆਂ।

ਅਜੋਕੇ ਸਮੇਂ ਵਿਚ ਗੀਤਕਾਰਾਂ ਤੋਂ ਵਾਤਾਵਰਨ ਜਾਂ ਮਾਹੌਲ ਦੇ ਅਨੁਸਾਰ ਗੀਤ ਲਿਖਵਾਏ ਜਾਂਦੇ ਹਨ। ਇਹਨਾਂ ਗੀਤਾਂ ਵਿਚ ਸਧਾਰਨ ਪੱਧਰ ਦੀ ਤੁੱਕਬੰਦੀ ਹੀ ਹੁੰਦੀ ਹੈ। ਜਜ਼ਬੇ ਦਾ ਵੇਗ ਕਿਧਰ ਵੀ ਝਲਕਦਾ ਹੋਇਆ ਨਜ਼ਰ ਨਹੀਂ ਆਉਂਦਾ। ਅਜੋਕੇ ਸਮੇਂ ਦੀ ਗੀਤਕਾਰੀ ਵਿਚ ਉਦਾਸ ਗੀਤਾਂ ਦੀ ਬਿਲਕੁਲ ਅਣਹੋਂਦ ਹੀ ਹੈ। ਸਗੋਂ ਉਦਾਸ ਗੀਤਾਂ ਨੂੰ ਢੋਲ ਦੇ ਡੱਗੇ ਦੀ ਪੁੱਠ ਚਾੜ੍ਹ ਕੇ ਰੀਮੈਕਸ ਕਰਕੇ ਬੀਟ ਸੌਂਗ ਵਜੋਂ ਡੀ.ਜੇ ਤੇ ਵਜਾਇਆ ਜਾਣ ਲੱਗ ਪਿਆ ਹੈ। ਬੀਟ ਦੀ ਮੁੱਖ ਤੌਰ ਤੇ ਵਰਤੋਂ ਮਸ਼ੀਨੀਕਰਨ ਯੁੱਗ ਵਿਚ ਕੀਤੀ ਜਾਣ ਲੱਗ ਪਈ ਹੈ। ਕਿਉਂਕਿ ਮਸ਼ੀਨੀਕਰਨ ਦੇ ਯੁੱਗ ਤੋਂ ਪਹਿਲਾਂ ਤਾਂ ਲੋਕ ਸਮੂਹਿਕ ਕਿਰਤ ਕਰਦੇ ਸਨ। ਉਸ ਸਮੂਹਿਕ ਕਿਰਤ ਵਿਚੋਂ ਹੀ ਉਹ ਲੈਅ ਅਤੇ ਤਾਲ ਪੈਦਾ ਕਰਦੇ ਸਨ ਪਰ ਅੱਜ ਦਾ ਮਨੁੱਖ ਮਸ਼ੀਨ ਨਾਲ ਜੁੜ ਗਿਆ ਹੈ ਉਹ ਹਰ ਰੋਜ਼ ਹੀ ਸ਼ੋਰ-ਸ਼ਰਾਬੇ ਵਿਚ ਹੀ ਰਹਿੰਦਾ ਹੈ। ਉਸਨੂੰ ਆਪਣੇ ਕੰਮ ਤੋਂ ਬਿਲਕੁਲ ਵੀ ਵਿਹਲ ਨਹੀਂ ਹੈ, ਉਹ ਅਨੁਸ਼ਾਸ਼ਨ ਵਿਚ ਬੱਝ ਚੁੱਕਾ ਹੈ। ਉਹ ਆਪਣੇ ਰੋਜ਼ਾਨਾਮਚਾ ਦੀ ਜ਼ਿੰਦਗੀ ਤੋਂ ਕੁਝ ਗਾਇਬ ਬਣਾਈ ਰੱਖਣ ਲਈ ਬੀਟ ਸੌਂਗ ਦਾ ਸਹਾਰਾ ਲੈਂਦਾ ਜਾਪਦਾ ਹੈ। ਬੀਟ ਸੌਂਗ ਦੇ ਹੋਂਦ ਵਿਚ ਆਉਣ ਬਾਰੇ ਡਾ. ਰਾਜਿੰਦਰਪਾਲ ਦੱਸਦੇ ਹਨ-

> ਵੈਸੇ ਸੰਗੀਤ ਦੇ ਵਿੱਚ ਜਿਹੜੀ ਤੇਜ਼ ਬੀਟ ਆ ਉਹ ਤੁਹਾਨੂੰ ਮਾਨਸਿਕ ਤੌਰ ਤੇ ਵੀ ਰਾਹਤ ਦਿੰਦੀ ਹੈ। ਕਿਉਂਕਿ ਉਹ ਜਿਹੜਾ ਆਮ ਸਾਡੀ ਰੋਜ਼ਮਰਾ ਦੀ ਜ਼ਿੰਦਗੀ, ਰੁਟੀਨ, ਰੋਜ਼ਮਰਾ, ਦਾ ਜਿਹੜਾ ਚੱਕਰ ਹੁੰਦਾ ਹੈ ਉਹਨੂੰ ਉਹੋ ਤੋੜਦੀ ਹੈ।[15]

ਇਹ ਸਿੱਧ ਹੁੰਦਾ ਹੈ ਕਿ ਬੀਟ ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਵਰਤੇ ਜਾਂਦੇ ਅਨੁਸ਼ਾਸ਼ਨ ਨੂੰ ਤੋੜ ਕੇ ਸਾਨੂੰ ਆਨੰਦਮਈ ਅਵਸਥਾ ਵਿਚ ਭੇਜਦੀ ਹੈ। ਇਹ ਸਾਡੇ ਦਿਮਾਗ ਵਿਚ ਬਣੀ ਹੋਈ ਰੁਟੀਨ ਜਾਂ ਲਗਾਤਾਰਤਾ ਨੂੰ ਚੈਲੰਜ ਕਰਕੇ ਉਸਦੇ ਪ੍ਰਤੀਉੱਤਰ ਵਿਚ ਨਵੀਂ ਜਾਂ ਅਲੱਗ ਸੋਚ ਦੀ ਸਿਰਜਣਾ ਕਰਦੀ ਹੈ।

ਬੀਟ ਨੂੰ ਸ਼ਿਖ਼ਰ ਤੇ ਪਹੁੰਚਾਉਣ ਵਿਚ ਰੈਪ ਗਾਇਨ ਸ਼ੈਲੀ ਦਾ ਵੀ ਬਹੁਤ ਜ਼ਿਆਦਾ ਮਹੱਤਵ ਹੈ। ਇਸ ਦਹਾਕੇ ਦੀ ਗੀਤਕਾਰੀ ਵਿਚ ਰੈਪ ਗਾਇਨ ਸ਼ੈਲੀ ਦਾ ਆਰੰਭ ਹੋਣਾ ਇਸਦੀ ਮੁੱਖ ਪ੍ਰਾਪਤੀ ਹੈ। ਜੋ ਕਿ ਇਕ ਵੱਖਰੇ ਖੋਜ-ਕਾਰਜ ਦੀ ਮੰਗ ਕਰਦੀ ਹੈ।

ਪੁਰਾਤਨ ਸਮੇਂ ਵਿਚ ਦੇਖਿਆ ਜਾਵੇ ਤਾਂ ਜ਼ਿਆਦਾਤਰ ਗੀਤ ਗੀਤਕਾਰਾਂ ਦੁਆਰਾ ਹੀ ਲਿਖੇ ਜਾਂਦੇ ਸਨ। ਉਸ ਸਮੇਂ ਦੇ ਗਾਇਕਾਂ ਵਿਚ ਬਹੁਤ ਘੱਟ ਗਾਇਕ ਸਨ ਜੋ ਮੌਲਿਕ ਗੀਤ ਲਿਖਣ ਦੀ ਕਾਬਲੀਅਤ ਰੱਖਦੇ ਸਨ ਪਰ ਉਹਨਾਂ ਗਾਇਕਾਂ ਦੀ ਆਵਾਜ਼ ਬੜੀ ਸੁਰੀਲੀ ਸੀ। ਅਜੋਕੇ ਸਮੇਂ ਵਿਚ ਲਗਭਗ ਸਾਰੇ ਗਾਇਕ ਹੀ ਮੌਲਿਕ ਗੀਤ ਲਿਖਦੇ ਹਨ, ਅਤੇ ਆਪ ਹੀ ਉਹਨਾਂ ਨੂੰ ਗਾਉਂਦੇ ਹਨ। ਪੁਰਾਣੇ ਗਾਇਕਾਂ ਨਾਲੋਂ ਅਜੋਕੇ ਸਮੇਂ ਦੇ ਗਾਇਕਾਂ ਦੀ ਆਵਾਜ਼ ਸੁਰੀਲੀ ਨਹੀਂ ਤੇ ਨਾ ਹੀ ਉਹਨਾਂ ਨੂੰ ਸੰਗੀਤ ਦੀ ਕੋਈ

ਬਹੁਤੀ ਸਮਝ ਜਾਪਦੀ ਹੈ। ਅਜੋਕੇ ਸਮੇਂ ਵਿਚ ਦੂਸਰਿਆਂ ਦਹਾਕਿਆਂ ਦੇ ਮੁਕਾਬਲਤਨ ਕਿਸਾਨੀ ਸੰਘਰਸ਼ ਨਾਲ ਸੰਬੰਧਿਤ ਗੀਤ ਸਭ ਤੋਂ ਵੱਧ ਆਏ ਹਨ। ਅਜੋਕੇ ਸਮੇਂ ਵਿਚ ਪੰਜਾਬ ਦੀ ਜੱਟ ਕਿਸਾਨੀ ਦੀ ਮਾੜੀ ਆਰਥਿਕ ਹਾਲਤ ਦੀ ਬਜਾਏ ਸੱਤਾ ਪ੍ਰਤੀ ਵਿਦਰੋਹ ਜਾਂ ਨਾਬਰੀ ਦੀ ਸੁਰ ਵਧੇਰੇ ਝਲਕਦੀ ਹੈ।

ਇਸ ਤਰ੍ਹਾਂ ਜੇਕਰ ਦੇਖਿਆ ਜਾਵੇ ਤਾਂ ਅੱਜ ਦੇ ਮੰਡੀਕਰਨ ਦੇ ਯੁੱਗ ਵਿਚ ਇਸ ਦੌਰ ਦੀ ਗੀਤਕਾਰੀ ਪਹਿਲੀ ਗੀਤਕਾਰੀ ਨਾਲੋਂ ਆਪਣਾ ਸਰੂਪ ਵਿਸ਼ੇ ਅਤੇ ਕਲਾ ਪੱਖ ਤੋਂ ਕਾਫ਼ੀ ਬਦਲ ਚੁੱਕੀ ਹੈ। ਇਹ ਗੀਤਕਾਰੀ ਪਹਿਲੀ ਗੀਤਕਾਰੀ ਹੁਣ ਪੂੰਜੀਵਾਦ ਦੇ ਅੜਿੱਕੇ ਚੜ੍ਹ ਕੇ ਪੂੰਜੀਵਾਦ ਦੇ ਦੌੜਾਏ ਦਾ ਰਹੇ ਸਰਪਟ ਘੋੜੇ ਉੱਪਰ ਦੌੜ ਰਹੀ ਹੈ। ਇਸ ਗੀਤਕਾਰੀ ਦਾ ਮੁੱਖ ਮਕਸਦ ਵੱਧ ਤੋਂ ਵੱਧ ਪੈਸਾ ਕਮਾਉਣਾ ਹੈ ਪਰ ਫਿਰ ਵੀ ਸ੍ਰੋਤੇ ਇਸ ਗੀਤਕਾਰੀ ਨੂੰ ਸੁਣ ਰਹੇਂ ਹਨ। ਇਸ ਦਾ ਮੁੱਖ ਕਾਰਨ ਹੈ ਕਿ ਸ੍ਰੋਤਿਆਂ ਦੀ ਮਾਨਸਿਕ ਸਥਿਤੀ ਹੀ ਇਸ ਪੂੰਜੀਵਾਦੀ ਯੁੱਗ ਨੇ ਇਸ ਤਰ੍ਹਾਂ ਬਣਾ ਦਿੱਤੀ ਹੈ ਕਿ ਉਹ ਇਹਨਾਂ ਗੀਤਾਂ ਨੂੰ ਸੁਣਨ ਲਈ ਮਜ਼ਬੂਰ ਹੋ ਗਏ ਹਨ। ਕੁਝ ਸਮਾਂ ਆਨੰਦ ਦੇ ਕੇ ਇਹਨਾਂ ਗੀਤਾਂ ਦਾ ਆਲੋਪ ਹੋ ਜਾਣਾ ਜਾਂ ਚਿਰਸਥਾਈ ਸ੍ਰੋਤਿਆਂ ਜਾਂ ਦਰਸ਼ਕਾਂ ਦੇ ਮਨਾਂ ਜਾਂ ਹਿਰਦਿਆਂ ਵਿਚ ਟਿਕੇ ਰਹਿਣਾ ਵੀ ਪੂੰਜੀਵਾਦ ਯੁੱਗ ਲਈ ਲਾਭਕਾਰੀ ਹੈ ਕਿਉਂਕਿ ਜੇਕਰ ਇਹ ਗੀਤ ਲੰਮਾ ਸਮਾਂ ਸ੍ਰੋਤਿਆਂ ਦੇ ਕੰਨਾਂ ਦੀ ਆਵਾਜ਼ ਬਣਨਗੇ ਤਾਂ ਕਾਰਪੋਰੇਟ ਘਰਾਣੇ ਕਿਸ ਮਾਧਿਅਮ ਜ਼ਰੀਏ ਆਪਣੀਆਂ ਨਵੀਆਂ ਬਣੀਆਂ ਵਸਤਾਂ ਦਾ ਸੰਚਾਰ ਕਰਕੇ ਮਾਰਕੀਟ ਵਿਚ ਵੇਚ ਸਕਣਗੇ। ਇਸ ਤਰ੍ਹਾਂ ਇਨ੍ਹਾਂ ਗੀਤਾਂ ਦੇ ਰੁਝਾਨ ਸਮੇਂ ਅਤੇ ਸਭਿਆਚਾਰਕ ਲੋੜ੍ਹਾਂ ਤੇ ਤਬਦੀਲੀਆਂ ਦੇ ਕਾਰਨ ਆਪਣੇ-ਆਪ ਬਦਲਦੇ ਚਲੇ ਜਾਂਦੇ ਹਨ।

**ਹਵਾਲੇ ਅਤੇ ਟਿੱਪਣੀਆਂ**

1) ਨਾਹਰ ਸਿੰਘ, ਪੰਜਾਬੀਆਂ ਦਾ ਮੌਤ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2020, ਪੰਨਾ-7
2) ਰਾਜਿੰਦਰ ਪਾਲ ਸਿੰਘ ਬਰਾੜ ਵੱਲੋਂ ਮਿੱਤੀ 22 ਨਵੰਬਰ 2018 ਨੂੰ ਆਪਣੇ ਫੇਸਬੁੱਕ ਪੇਜ ਉੱਤੇ ਪਾਇਆ ਗਿਆ ਲੇਖ।
3) ਗੀਤ ਲੱਕ ਟਵੰਟੀ ਏਟ, ਗਾਇਕ ਦਿਲਜੀਤ, ਹਨੀ ਸਿੰਘ, 2011
4) ਗੀਤ ਸਫਾਰੀ, ਗਾਇਕ ਸੁਰਜੀਤ ਭੁੱਲਰ, ਸੁਦੇਸ਼ ਕੁਮਾਰੀ, ਗੀਤਕਾਰ ਲਖਵਿੰਦਰ ਮਾਨ, 2012
5) ਗੀਤ ਚੰਡੀਗੜ੍ਹ ਵਾਲੀਏ, ਗਾਇਕ,ਗੀਤਕਾਰ ਸ਼ੈਰੀਮਾਨ, 2017
6) ਗੀਤ ਲਾਸਰ, ਗਾਇਕ ਜੱਸੀ ਗਿੱਲ, 2013
7) ਗੀਤ ਮਿੱਤਰਾਂ ਦੇ ਬੂਟ, ਜੈਜੀ ਬੀ, ਕੌਰ ਬੀ, ਗੀਤਕਾਰ ਹੈਪੀ ਰਾਏਕੋਟੀ, 2014
8) ਗੀਤ ਬਾਪੂ ਜ਼ਿੰਮੀਦਾਰ, ਗਾਇਕ ਜੱਸੀ ਗਿੱਲ, ਗੀਤਕਾਰ ਹੈਪੀ ਰਾਏਕੋਟੀ, 2014
9) ਰਾਜਿੰਦਰ ਪਾਲ ਸਿੰਘ ਬਰਾੜ ਵੱਲੋਂ ਮਿੱਤੀ 22 ਨਵੰਬਰ 2018 ਨੂੰ ਆਪਣੇ ਫੇਸਬੁੱਕ ਪੇਜ ਉੱਤੇ ਅਪਲੋਡ ਕੀਤਾ ਗਿਆ ਲੇਖ।
10) ਕੇਸਰ ਸਿੰਘ ਬਰਵਾਲੀ, ਵਿਸ਼ਵੀਕਰਨ ਅਤੇ ਪੰਜਾਬੀ ਪਾਪੂਲਰ ਗਾਇਕੀ, ਤਸਵੀਰ, ਅੰਕ-12, 30 ਜੁਲਾਈ 2005, ਪੰਨਾ-28
11) ਰਾਜਿੰਦਰ ਪਾਲ ਸਿੰਘ, ਆਧੁਨਿਕ ਸੰਚਾਰ ਸਾਧਨ ਅਤੇ ਲੋਕ ਸੰਗੀਤ, ਪੰਜਾਬੀ ਲੋਕ ਗੀਤ ਵਿਸ਼ੇਸ਼ ਅੰਕ-12, ਸੰਪਾਦਕ ਜਸਬੀਰ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ-9
12) ਉਹੀ, ਧਰਮ ਸਿੰਘ, ਪੰਜਾਬੀ ਗਾਇਕੀ ਦੇ ਸਮਾਜ ਉੱਪਰ ਪੈ ਰਹੇ ਮਾਰੂ ਪ੍ਰਭਾਵ, ਪੰਨਾ-183
13) ਰੱਬੀ ਰਾਬਿੰਦਰ ਸਿੰਘ, ਜੱਟਾਂ ਨੂੰ ਫੂਕ ਛਕਾਉਂਦੇ ਗੀਤ, ਪੰਜਾਬ ਟੂਡੇ, ਅੰਕ-5, 27 ਮਈ 2003 ਪੰਨਾ-50
14) ਜਸਵਿੰਦਰ ਸ਼ਰਮਾ, ਪੰਜਾਬੀ ਗਾਇਕੀ ਦੇ ਅੰਤਰਰਾਸ਼ਟਰੀ ਸਰੋਕਾਰ, ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਅੰਤਰਰਾਸ਼ਟਰੀ ਸਰੋਕਾਰ, ਮੁੱਖ-ਸੰਪਾਦਕ ਰਾਜਿੰਦਰ ਪਾਲ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ-165
15) https://youtu.be/ur58L97cxps, ਸ਼ੰਕਾ : ਵਿਆਹ ਵਿੱਚ ਛੱਜ ਕਿਉ ਤੋੜਿਆ ਜਾਂਦਾ ਹੈ। watching, 03-ਜੁਲਾਈ-2025